# 51

# ਹੋਣ ਵਾਲੇ ਚੇਲੇ

## ਲੂਕਾ 9:57-62; ਵੇਖੋ 8:19-22, ਇਕ ਨੇੜ ਝਾਤ

ਕੀ ਕਦੇ ਤੁਹਾਨੂੰ ਕੋਈ ਵੱਡੀ ਚੀਜ਼ ਖਰੀਦਣ ਤੇ ਲਿਖਤ ਵਿਚ ਪੈਸੇ ਵਾਪਸ ਮਿਲਣ ਦੀ ਗਰੰਟੀ ਮਿਲੀ ਹੈ? ਬਆਦ ਵਿਚ ਜਦ ਉਹ ਚੀਜ਼ ਉਵੇਂ ਨਹੀਂ ਚੱਲੀ, ਜਿਵੇਂ ਦੁਕਾਨਦਾਰ ਨੇ ਕਿਹਾ ਸੀ, ਤਾਂ ਤੁਸੀਂ ਪੈਸੇ ਵਾਪਸ ਮੰਗੇ ਹੋਣ। ਤੁਹਾਨੂੰ ਕਿਹਾ ਗਿਆ ਹੋਵੇ, ''ਨਹੀਂ, ਨਹੀਂ, ਗਰੰਟੀ ਵਿਚ ਇਹ ਬਿਲਕੁਲ ਨਹੀਂ ਸੀ। *ਗਰੰਟੀ ਕਾਰਡ ਪੜ੍ਹ ਕੇ ਵੇਖੋ।*''[1] ਲੋਕ ਅਜਿਹਾ ਕਰ ਸਕਦੇ ਹਨ, ਪਰ ਮਸੀਹ ਨਹੀਂ। ਜਦ ਉਸ ਨੇ ਲੋਕਾਂ ਨੂੰ ਸ਼ਗਿਰਦੀ ਲਈ ਸੱਦਿਆ, ਤਾਂ ਉਸ ਨੇ ਉਨ੍ਹਾਂ ਨੂੰ ਉਹੀ ਗੱਲਾਂ ਕਹੀਆਂ, ਜੋ ਜ਼ਰੂਰੀ ਸਨ ਅਤੇ ਜਿਨ੍ਹਾਂ ਦੀ ਉਮੀਦ ਕਰਨੀ ਚਾਹੀਦੀ ਸੀ।

ਇਸ ਪਾਠ ਦੀਆਂ ਆਇਤਾਂ ਨਾਲੋਂ ਵੱਧ ਸਫ਼ਾਈ ਕਿਤੇ ਨਹੀਂ ਮਿਲਦੀ। ਯਿਸੂ ਯਰੂਸ਼ਲਮ ਦੇ ਰਾਹ ਵਿਚ ਸੀ (ਲੂਕਾ 9:51)। ਉੱਥੇ ਸਤਾਅ ਅਤੇ ਪੇਸ਼ੀਆਂ ਅਤੇ ਅਖ਼ੀਰ ਵਿਚ ਮੌਤ ਉਹਦੀ ਉਡੀਕ ਕਰ ਰਹੀ ਸੀ (ਲੂਕਾ 9:44)। ਜਦ ਉਹ ''ਰਾਹ ਵਿਚ ਚਲਿਆ ਜਾਂਦਾ ਸੀ'' (ਲੂਕਾ 9:57), ਤਾਂ ਉਸ ਨੂੰ ਹੋਣ ਵਾਲੇ ਤਿੰਨ ਚੇਲੇ ਮਿਲੇ। ਉਨ੍ਹਾਂ ਨੂੰ ਉਸ ਦੀ ਚੁਣੌਤੀ ਬਾਰੇ ਕੋਈ ਸ਼ੱਕ ਨਹੀ ਸੀ ਕਿ ਉਹ ਕਿਹੋ ਜਿਹੀ ਵਚਨਬੱਧਤਾ ਚਾਹੁੰਦਾ ਹੈ।

ਉਨ੍ਹਾਂ ਲੋਕਾਂ ਨੂੰ ਯਿਸੂ ਦੀਆਂ ਕਹੀਆਂ ਗੱਲਾਂ ਪੜ੍ਹ ਕੇ, ਹੋ ਸਕਦਾ ਹੈ ਕਿ ਤੁਹਾਨੂੰ ਲੱਗੇ ਕਿ ਉਹਦੀਆਂ ਗੱਲਾਂ ਸਖ਼ਤ ਹਨ। ਕਈ ਗੱਲਾਂ ਧਿਆਨ ਵਿਚ ਰੱਖਣੀਆਂ ਜ਼ਰੂਰੀ ਹਨ। (1) ਸਾਡੇ ਵਿੱਚੋਂ ਬਹੁਤ ਜਣੇ ਉਸ ਸਮੇਂ ਦੇ ਰੀਤੀ ਰਿਵਾਜ ਤੋਂ ਵਾਕਫ਼ ਨਹੀਂ ਹਨ। ਉਨ੍ਹਾਂ ਰਵਾਇਤਾਂ ਬਾਰੇ ਜਾਣਨ ਦੀਆਂ ਉਨ੍ਹਾਂ ਲੋਕਾਂ ਦੀਆਂ ਬੇਨਤੀਆਂ ਅਤੇ ਯਿਸੂ ਦੇ ਜਵਾਬ ਬਾਰੇ ਸਾਡੇ ਵਿਚਾਰ ਕੁਝ ਬਦਲ ਸਕਦੇ ਹਨ। (2) ਪ੍ਰਭੂ ਮਨਾਂ ਅਤੇ ਦਿਲਾਂ ਨੂੰ ਪੜ੍ਹ ਸਕਦਾ ਸੀ (ਮੱਤੀ 9:4; 12:25; ਲੂਕਾ 5:20, 22; 6:8; ਯੂਹੰਨਾ 1:47; 2:25; 21:17)। ਕਿਸੇ ਦੀ ਬੇਨਤੀ ਤਰਕ ਸੰਗਤ ਲੱਗਣ ਦੇ ਬਾਵਜੂਦ, ਯਿਸੂ ਨੂੰ ਪਤਾ ਹੁੰਦਾ ਸੀ ਕਿ ਅਸਲ ਵਿਚ ਉਸ ਦੇ ਮਨ ਵਿਚ ਕੀ ਹੈ। (3) ਮਸੀਹ *ਜੰਗ* ਵਿਚ ਜਾ ਰਿਹਾ ਸੀ। ਉਹਦੇ ਕੋਲ ਕਮਜ਼ੋਰ ਦਿਲ ਵਾਲੇ ਸਿਪਾਹੀਆਂ ਦੀ ਭਰਤੀ ਕਰਨ ਦਾ ਸਮਾਂ ਨਹੀਂ ਸੀ। (4) ਯਿਸੂ ਨੇ ਇਨ੍ਹਾਂ ਲੋਕਾਂ ਤੋਂ ਕੋਈ ਮੰਗ ਨਹੀਂ ਕੀਤੀ, ਜਿਸ ਦੀ ਉਹ ਆਪਣੇ ਲੋਕਾਂ ਤੋਂ ਮੰਗ ਕਰ ਰਿਹਾ ਹੋਵੇ। ਆਪਣੇ ਅਧਿਐਨ ਵਿਚ, ਮੇਰਾ ਕੰਮ ਮੰਗਾਂ ਨੂੰ ਘੱਟ ਕੀਤੇ ਬਗੈਰ ਸਖ਼ਤੀ ਜਾਂ ਤਿੱਖਾਪਣ ਦੂਰ ਕਰਨਾ ਹੈ। ਉਦੋਂ ਵੀ ਅਤੇ ਅੱਜ ਵੀ ਮਸੀਹ ਪੂਰੀ ਵਚਨਬੱਧਤਾ ਚਾਹੁੰਦਾ ਹੈ।

ਸਾਡੀਆਂ ਮੁੱਖ ਆਇਤਾਂ ਲੂਕਾ 9:57–62 ਹੋਣਗੀਆਂ। ਮੱਤੀ 8:19–22 ਵਿਚ ਅਜਿਹੀ ਹੀ ਇਕ ਘਟਨਾ ਮਿਲਦੀ ਹੈ। ਦੋਹਾਂ ਵਿਚ ਮੌਕੇ ਬਰਾਬਰ ਰਹੇ ਹੋਣ ਜਾਂ ਨਾ, ਅਸੀਂ ਨਹੀਂ ਜਾਣਦੇ,[2] ਪਰ ਆਇਤਾਂ ਐਨੀਆਂ ਮਿਲਦੀਆਂ ਜੁਲਦੀਆਂ ਹਨ ਕਿ ਦੋਹਾਂ ਕਹਾਣੀਆਂ ਦਾ ਇਕੱਠੇ ਅਧਿਐਨ ਕਰਨਾ ਲਾਹੇਵੰਦ ਰਹੇਗਾ।

### ਹੋਣ ਵਾਲੇ ਚੇਲੇ ਉਦੋਂ

**ਗਤੀਸ਼ੀਲ ਉਮੀਦਵਾਰ** (**ਲੂਕਾ 9:57, 58; ਵੇਖੋ ਮੱਤੀ 8:19, 20**)

ਹੋਣ ਵਾਲੇ ਮੁੱਢਲੇ ਚੇਲੇ ਨੇ ਯਿਸੂ ਨੂੰ ਆਖਿਆ ਸੀ ਕਿ ''ਜਿੱਥੇ ਕਿਤੇ ਤੁਸੀਂ ਜਾਓ ਮੈਂ ਤੁਹਾਡੇ

ਮਗਰ ਚੱਲਾਂਗਾ'' (ਲੂਕਾ 9:57)। ਸ਼ਗਿਰਦੀ ਲਈ ਯਿਸੂ ਦੀ ਬੁਲਾਹਟ ਸਾਫ਼ ਤੌਰ ਤੇ ''ਮੇਰੇ ਪਿੱਛੇ ਤੁਰ ਆ'' ਵਾਲੀ ਹੀ ਸੀ (ਵੇਖੋ ਲੂਕਾ 9:59; ਮੱਤੀ 4:19; 9:9; 10:38; 16:24; 19:21)। ਉਸ ਚੁਣੌਤੀ ਦਾ ਜਵਾਬ ਉਸ ਬੰਦੇ ਨੇ ਦਿੱਤਾ ਕਿ ''ਮੈਂ ਤੁਹਾਡੇ ਮਗਰ ਚੱਲਾਂਗਾ।'' ਇਸ ਦੇ ਇਲਾਵਾ ਉਸ ਨੇ ਇਸ ਗੱਲ ਦੀ ਕੋਈ ਹੱਦ ਨਹੀਂ ਬੰਨ੍ਹੀ ਕਿ ਉਹ ਕਿੱਥੋਂ ਤਕ ਜਾਏਗਾ: ''*ਜਿੱਥੇ ਕਿਤੇ* ਤੁਸੀਂ ਜਾਓ ਮੈਂ ਤੁਹਾਡੇ ਮਗਰ ਚੱਲਾਂਗਾ।''[3] ਅਜਿਹੀ ਵਚਨਬੱਧਤਾ ਵਿਚ ਨੁਕਸ ਕੱਢਣਾ ਔਖਾ ਹੋਵੇਗਾ। ਜੇ ਮੱਤੀ 8 ਵਿਚ ਇਹੀ ਘਟਨਾ ਸੁਣਾਈ ਗਈ ਹੈ ਤਾਂ ਉਹ ਆਦਮੀ ਗ੍ਰੰਥੀ ਸੀ (ਆਇਤ 19)। ਬਹੁਤੇ ਗ੍ਰੰਥੀ ਮਸੀਹ ਦੇ ਵਿਰੋਧੀ ਹੀ ਸਨ (ਮੱਤੀ 9:3; 12:38; 15:1, 2; 16:21। ਦੁਸ਼ਮਣ ਦੇ ਗੜ੍ਹ ਵਿਚ ਕਿਸੇ ਵੀ ਚੇਲੇ ਨੂੰ ਨਾਲ ਲਿਜਾਣ ਦੀ ਪੇਸ਼ਕਸ਼ ਰੁਮਾਂਚਕਾਰੀ ਹੀ ਹੋਵੇਗੀ।

ਪਰ ਚੇਲਿਆਂ ਨੇ ਉਸ ਆਦਮੀ ਦੇ ਮਨ ਵਿਚ ਵੇਖਿਆ ਤਾਂ ਪਾਇਆ ਕਿ ਉਸ ਆਦਮੀ ਨੂੰ ਉਸ ਦੀ ਗੱਲ ਪੂਰੀ ਤਰ੍ਹਾਂ ਸਮਝ ਨਹੀ ਆਈ ਸੀ। ਉਸ ਨੇ ਸਿਰਫ਼ ਭੀੜ ਅਤੇ ਮੋਅਜਜ਼ੇ ਦਾ ਜ਼ੋਰ ਵੇਖਿਆ ਸੀ, ਜਦ ਕਿ ਮਸੀਹ ਉਸ ਨੂੰ ਆਪਣੇ ਆਪ ਦਾ ਇਨਕਾਰ ਕਰਨਾ, ਕੁਰਬਾਨੀ ਅਤੇ ਦੁੱਖ ਝੱਲਣ ਲਈ ਤਿਆਰ ਕਰਨਾ ਚਾਹੁੰਦਾ ਸੀ। ਉਹ ਉਸ ਆਦਮੀ ਵਾਂਗ ਸੀ ਜਿਹੜਾ ਫ਼ੌਜ ਦੀ ਵਰਦੀ, ਪਰੇਡ ਤਮਗੇ ਨੂੰ ਵੇਖ ਕੇ ਉਸ ਵਿਚ ਸ਼ਾਮਲ ਹੋਣ ਦੀ ਇੱਛਾ ਕਰਦਾ ਹੈ ਪਰ ਉਸ ਵਿਚ ਪਾਏ ਜਾਣ ਵਾਲੇ ਅਨੁਸ਼ਾਸਨ, ਖ਼ਤਰੇ ਜਾਂ ਮੌਤ ਬਾਰੇ ਨਹੀਂ ਜਾਣਦਾ।

ਪ੍ਰਭੂ ਨੇ ਉਸ ਬੰਦੇ ਦੀ ਪੇਸ਼ਕਸ਼ ਨੂੰ ਨਾ ਤਾਂ ਮੰਨਿਆ ਅਤੇ ਨਾ ਹੀ ਠੁਕਰਾਇਆ, ਬਲਕਿ ਉਸ ਨੇ ਧਿਆਨ ਦੁਆਇਆ ਕਿ ਜੇ ਉਹ ਉਸ ਦੇ ਪਿੱਛੇ ਚੱਲੇ ਤਾਂ ਉਸ ਨੂੰ ਕੀ ਇੱਛਾ ਕਰਨੀ ਚਾਹੀਦੀ ਸੀ: ''ਲੂੰਬੜੀਆਂ[4] ਦੇ ਘੁਰਨੇ ਅਤੇ ਅਕਾਸ਼ ਦੇ ਪੰਛੀਆਂ ਦੇ ਆਲ੍ਹਣੇ ਹੁੰਦੇ ਹਨ,[5] ਪਰ ਮਨੁੱਖ ਦੇ ਪੁੱਤਰ[6] ਨੂੰ ਸਿਰ ਧਰਨ ਨੂੰ ਥਾਂ ਨਹੀਂ''[7] (ਲੂਕਾ 9:58; ਵੇਖੋ ਮੱਤੀ 8:20)। ਜੰਗਲੀ ਜਾਨਵਰਾਂ ਅਤੇ ਪੰਛੀਆਂ ਦੇ ਘਰ ਹੁੰਦੇ ਹਨ, ਜਿਨ੍ਹਾਂ ਵਿਚ ਦਿਨ ਢਲਣ ਤੇ ਉਹ ਪਰਤ ਜਾਂਦੇ ਹਨ, ਪਰ ਮਸੀਹ ਦਾ ਕੋਈ ਪੱਕਾ ਟਿਕਾਣਾ ਨਹੀਂ ਸੀ।[8] ਸਰਾਂ ਵਿਚ ਉਹਦੇ ਲਈ ਕੋਈ ਥਾਂ ਨਹੀਂ ਸੀ (ਲੂਕਾ 2:7), ਗਿਰਾਸੇਨੀਆਂ ਦੇ ਦੇਸ਼ ਵਿਚ ਉਸਦੇ ਲਈ ਥਾਂ ਨਹੀਂ ਸੀ (ਮਰਕੁਸ 5:1–17), ਅਤੇ ਨਾਸਰਤ ਵਿਚ ਵੀ ਉਸਦੇ ਲਈ ਥਾਂ ਨਹੀਂ ਸੀ (ਲੂਕਾ 4:16–31)। ਐਲਫ਼ਰਡ ਪਲੱਮਰ ਨੇ ਲਿਖਿਆ ਹੈ, ''ਯਿਸੂ ਦੀ ਜ਼ਿੰਦਗੀ ਦੀ ਸ਼ੁਰੂਆਤ ਬੇਗ਼ਾਨੀ ਚਰਨੀ ਵਿਚ ਅਤੇ ਅਖ਼ੀਰ ਬੇਗਾਨੀ ਕਬਰ ਵਿਚ ਹੋਇਆ।''[9] ਪੌਲੁਸ ਨੇ ਲਿਖਿਆ, ''ਕਿਉਂਕਿ ਤੁਸੀਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਨੂੰ ਜਾਣਦੇ ਹੋ ਜੋ ਭਾਵੇਂ ਉਹ ਧਨੀ ਸੀ ਪਰ ਤੁਹਾਡੇ ਲਈ ਨਿਰਧਨ ਬਣਿਆ ਭਈ ਤੁਸੀਂ ਉਹ ਦੀ ਨਿਰਧਨਤਾਈ ਤੋਂ ਧਨੀ ਹੋ ਜਾਓ'' (2 ਕੁਰਿੰਥੀਆਂ 8:9)।[10]

ਯਿਸੂ ਸ਼ਿਕਾਇਤ ਨਹੀਂ ਕਰ ਰਿਹਾ ਸੀ ਜਾਂ ਉਹ ਰਹਿਮਤ ਦੀ ਭੀਖ ਨਹੀਂ ਮੰਗ ਰਿਹਾ ਸੀ ਕਿਉਂਕਿ ਉਸ ਨੇ ਤਾਂ ਇਹ ਜ਼ਿੰਦਗੀ ਆਪਣੀ ਇੱਛਾ ਨਾਲ ਚੁਣੀ ਸੀ।[11] ਨਾ ਹੀ ਉਹ ਹੋਣ ਵਾਲੇ ਚੇਲਿਆਂ ਨੂੰ ਨਿਰਾਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਬਲਕਿ ਉਸ ਦੀ ਇੱਛਾ ਉਸ ਆਦਮੀ ਨੂੰ ਇਹ ਮਹਿਸੂਸ ਕਰਵਾਉਣ ਦੀ ਸੀ ਕਿ ਚੇਲਾ ਬਣ ਕੇ ਉਸ ਨੂੰ ਕੀ ਕੀ ਸਹਿਣਾ ਪਵੇਗਾ। ਜੋਸ਼ੀਲੇ ਚੇਲੇ ਲਈ ਪ੍ਰਭੂ ਦਾ ਸੰਦੇਸ਼ ਸੀ, ਪਹਿਲਾਂ *''ਖਰਚੇ ਦਾ ਹਿਸਾਬ ਲਾ ਲੈ।''*[12]

ਜੇ ਕੋਈ ਜਵਾਨ ਡਾਕਟਰ ਬਣਨਾ ਚਾਹੁੰਦਾ ਹੈ, ''ਵਿਚਾਰ ਤਾਂ ਬਹੁਤ ਨੇਕ ਹੈ, ਪਰ ਪਹਿਲਾਂ *ਖਰਚੇ ਦਾ ਹਿਸਾਬ ਲਾ ਲਓ।* ਸਾਲਾਂ ਦੇ ਅਧਿਐਨ ਅਤੇ ਇੰਟਰਨਸ਼ਿਪ ਲਈ ਲੋੜੀਂਦੇ ਸਮਰਪਣ ਦੀ ਸਮਝ ਆ ਜਾਣ ਤੇ, ਜੇ ਤੁਸੀਂ ਅਜਿਹੀ ਵਚਨਬੱਧਤਾ ਲਈ ਤਿਆਰ ਹੋ ਤਾਂ ਬਹੁਤ ਵਧੀਆ ਗੱਲ ਹੈ।'' ''ਖਰਚੇ ਦਾ ਹਿਸਾਬ ਲਾ ਲਓ!'' ਜੇ ਤੁਸੀਂ ਡਿਗਰੀ ਪ੍ਰਪਾਤ ਕਰਨਾ ਚਾਹੁੰਦੇ ਹੋ, ਜੇ ਤੁਸੀਂ ਵਿਸ਼ਵ ਪੱਧਰ ਦੇ ਐਥਲੀਟ ਬਣਨ ਦੀ ਚਾਹ ਰੱਖਦੇ ਹੋ, ਜੇ ਤੁਸੀਂ ਵਿਆਹ ਕਰਾਉਣਾ ਚਾਹੁੰਦੇ ਹੋ, ਜਾਂ ਜੇ ਤੁਸੀਂ ਆਪਣੇ ਜੀਵਨ ਸਾਥੀ ਵੱਲੋਂ ਬੱਚੇ ਨੂੰ ਜਨਮ ਦੇਣ ਦਾ ਫੈਸਲਾ ਲੈਂਦੇ ਹੋ, ਤਾਂ ਇਹ ਇਕ ਚੰਗੀ ਨਸੀਹਤ ਹੈ।

ਬਹੁਤਾ ਕਰਕੇ, ਅਸੀਂ ਲੋਕਾਂ ਨੂੰ ਪਿੱਛੇ ਹੱਟਣ ਲਈ ਖਰਚ ਦਾ ਹਿਸਾਬ ਲਾਉਣ ਲਈ ਨਹੀਂ, ਬਲਕਿ ਉਨ੍ਹਾਂ ਵਿਚ ਉਨ੍ਹਾਂ ਦੀ ਪੇਸ਼ਕਸ਼ ਨੂੰ ਹਰ ਹਾਲ ਵਿਚ ਪੂਰਾ ਕਰਨ ਲਈ ਮਜ਼ਬੂਤੀ ਨਾਲ ਰਹਿਣ ਦੇ ਲਈ ਜੋਸ਼ ਭਰਨ ਲਈ ਆਖਦੇ ਹਾਂ।

''ਬੀਜਣ ਵਾਲੇ ਦੇ ਦ੍ਰਿਸ਼ਟਾਂਤ'' ਵਿਚ (ਮੱਤੀ 13:18) ਮਿੱਟੀ ਦੀ ਇਕ ਕਿਸਮ ਪਥਰੀਲੀ ਜ਼ਮੀਨ ਸੀ। ਇਸ ਜ਼ਮੀਨ ਵਿਚ, ਬੂਟਾ ਜ਼ਮੀਨ ਵਿੱਚੋਂ ਛੇਤੀ ਉੱਗ ਗਿਆ, ਪਰ ਜਦ ਅਸਲ ਵਿਚ ਸੂਰਜ ਚਮਕਿਆ ਤਾਂ, ਇਹ ਛੇਤੀ ਹੀ ਸੁੱਕ ਗਿਆ (ਮੱਤੀ 13:5, 6)। ਮਸੀਹ ਨੇ ਆਖਿਆ ਕਿ ਇਹ ਉਸ ਆਦਮੀ ਦਾ ਹਾਲ ਵਿਖਾਉਂਦਾ ਹੈ, ''ਜੋ ਵਚਨ ਸੁਣ ਕੇ ਝੱਟ ਖ਼ੁਸ਼ੀ ਨਾਲ ਉਹ ਨੂੰ ਮੰਨ ਲੈਂਦਾ ਹੈ ਪਰ ਆਪਣੇ ਵਿਚ ਜੜ੍ਹ ਨਹੀਂ ਰੱਖਦਾ ਹੈ। ਤਾਂ ਵੀ ਥੋੜਾ ਚਿਰ ਰਹਿੰਦਾ ਹੈ ਪਰ ਜਾਂ ਵਚਨ ਦੇ ਕਾਰਣ ਦੁੱਖ ਯਾ ਜ਼ੁਲਮ ਹੁੰਦਾ ਤਾਂ ਉਹ ਝੱਟ ਠੋਕਰ ਖਾਂਦਾ ਹੈ'' (ਮੱਤੀ 13:20, 21)। ਪਰ ਪ੍ਰਭੂ ਇਹ ਨਹੀਂ ਚਾਹੁੰਦਾ ਸੀ ਕਿ ਹੋਣ ਵਾਲੇ ਦਾ ਅਖ਼ੀਰ ਇਸ ਤਰ੍ਹਾਂ ਹੋਵੇ।

## ਡਾਵਾਂਡੋਲ ਉਮੀਦਵਾਰ (ਲੂਕਾ 9:59, 60; ਮੱਤੀ 8:21, 22)

ਹੋਣ ਵਾਲੇ ਸ਼ੁਰੂ ਦੇ ਚੇਲਿਆਂ ਨੇ ਤੁਰੰਤ ਆਪਣੇ ਆਪ ਨੂੰ ਸੇਵਾ ਲਈ ਸਵੈ ਇੱਛਾ ਨਾਲ ਦੇ ਦਿੱਤਾ, ਪਰ ਦੂਜਿਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਸੀ।[13] ਮਸੀਹ ਨੇ ਉਨ੍ਹਾਂ ਨੂੰ ਵੀ ਆਖਿਆ, ਜੋ ਹੋਰਨਾਂ ਨੂੰ ਆਖਿਆ ਸੀ, ''ਕਿ ਮੇਰੇ ਪਿੱਛੇ ਤੁਰਿਆ'' (ਲੂਕਾ 9:59; ਵੇਖੋ ਮੱਤੀ 8:22)।[14]

ਉਸ ਆਦਮੀ ਨੇ ਜਵਾਬ ਦਿੱਤਾ, ''ਪ੍ਰਭੂ ਜੀ ਮੈਨੂੰ ਆਗਿਆ ਦਿਓ ਜੋ ਪਹਿਲਾਂ ਜਾ ਕੇ ਆਪਣੇ ਪਿਓ ਨੂੰ ਦੱਬਾਂ'' (ਲੂਕਾ 9:59; ਵੇਖੋ ਮੱਤੀ 8:21)। ਇਹ ਬੇਨਤੀ ਵਾਜਬ ਲੱਗਦੀ ਹੈ। ਆਪਣੇ ਪਿਤਾ ਨੂੰ ਦੱਬਣ ਦੀ ਜ਼ਿੰਮੇਵਾਰੀ ਪੁੱਤਰ ਦੀ ਹੀ ਹੁੰਦੀ ਹੈ। ਉਸ ਜ਼ਮਾਨੇ ਵਿਚ ਦਫ਼ਨਾਉਣ ਨੂੰ ਦੂਜੇ ਕਿਸੇ ਹੋਰ ਕੰਮ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਸੀ, ਭਾਵੇਂ ਸਭ ਤੋਂ ਪਵਿੱਤਰ ਕੰਮ ਹੀ ਕਿਉਂ ਨਾ ਹੋਵੇ।[15] ਯਿਸੂ ਨੇ ਆਪ ਸਿਖਾਇਆ ਸੀ ਕਿ ਲੋਕਾਂ ਨੂੰ ਆਪਣੇ ਪਿਤਾਵਾਂ ਦਾ ਆਦਰ ਕਰਨਾ ਚਾਹੀਦਾ ਹੈ (ਮੱਤੀ 15:4–6; ਵੇਖੋ ਕੂਚ 20:12; ਅਫ਼ਸੀਆਂ 6:1–3)। ਯਕੀਨੀ ਤੌਰ ਤੇ, ਕਿਸੇ ਪਿਤਾ ਦੇ ਸਹੀ ਢੰਗ ਨਾਲ ਦਫ਼ਨਾਏ ਜਾਣ ਨੂੰ ਵੇਖਣ ਵਿਚ ''ਆਦਰ'' ਸ਼ਬਦ ਵੀ ਸ਼ਾਮਿਲ ਹੋਵੇਗਾ।

ਇਸ ਲਈ ਮਸੀਹ ਦਾ ਜਵਾਬ ਹਸਾਉਣ ਵਾਲਾ ਲਗਦਾ ਹੈ: ''ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ ਪਰ ਤੂੰ ਜਾ ਕੇ ਖ਼ੁਦਾ ਦੇ ਰਾਜ ਦੀ ਖ਼ਬਰ ਸੁਣਾ'' (ਲੂਕਾ 9:60; ਵੇਖੋ ਮੱਤੀ 8:22)। ਯਿਸੂ ਨੇ ''ਮੁਰਦਿਆਂ ਨੂੰ'' ਸ਼ਬਦ ਦਾ ਦੋ ਵਾਰ ਅਰਥ ਵਿਚ ਵਰਤੋਂ ਕੀਤੀ ਹੈ: ''ਰੂਹਾਨੀ ਤੌਰ ਤੇ[16] ਮਰੇ ਹੋਏ'' ਨੂੰ ''ਜਿਸਮਾਨੀ ਤੌਰ ਤੇ ਮੁਰਦਿਆਂ ਨੂੰ ਦੱਬਣ ਦਿਓ'' ਤੇ ਯਿਸੂ ਦੇ ਸ਼ਬਦ ਰੁੱਖੇ, ਬੇਕਿਰਕੇ ਅਤੇ ਜਜ਼ਬਾਤ ਰਹਿਤ ਲਗਦੇ ਹਨ। ਇਨ੍ਹਾਂ ਦੇ ਪਿੱਛੇ ਕੀ ਕਾਰਣ ਹੋ ਸਕਦਾ ਹੈ? ਇਨ੍ਹਾਂ ਸੱਚਾਈਆਂ ਨੂੰ ਵਿਚਾਰ ਕਰੋ:

(1) ਬਾਈਬਲ ਦੇ ਸਮੇਂ ਦੇ ਦੇਸ਼ ਵਿਚ ਜਦ ਕਿ ਦਫ਼ਨਾਇਆ ਜਾਣਾ ਲਗਭਗ ਉਸੇ ਸਮੇਂ (ਹੋ ਸਕੇ ਤਾਂ ਉਸੇ ਦਿਨ) ਹੋ ਜਾਂਦਾ ਸੀ,[17] ਪਰ ਇਸ ਦੇ ਬਾਅਦ ਦੇ ਸਮਾਰੋਹ ਹਫ਼ਤਾ ਹਫ਼ਤਾ ਜਾਂ ਦੇਰ ਤਕ ਚੱਲਦੇ ਸਨ। ਇਸ ਦਾ ਮਤਲਬ ਜੋ ਵੀ ਨਿਕਲੇ ਉਹ ਆਦਮੀ ਪ੍ਰਭੂ ਦੀ ਬੁਲਾਹਟ ਨੂੰ ਮੰਨਣ ਵਿਚ ਦੇਰ ਕਰ ਰਹੇ ਸਨ।

(2) ਯਰੂਸ਼ਲਮ ਨੂੰ ਜਾਂਦੇ ਹੋਏ, ਮਸੀਹ ਉੱਥੋਂ ਲੰਘ ਰਿਹਾ ਸੀ।[18] ਜੇ ਉਹ ਆਦਮੀ ਸੱਚਮੁੱਚ ਉਸ ਦੇ ਪਿੱਛੇ ਚੱਲਣਾ ਚਾਹੁੰਦਾ ਸੀ, ਤਾਂ ਉਸ ਨੂੰ ਓਸੇ ਵੇਲੇ ਚੱਲਣਾ ਚਾਹੀਦਾ ਸੀ, ਬਾਅਦ ਵਿਚ ਨਹੀਂ।[19]

(3) ਉਸ ਸਮੇਂ ਦੇ ਰੀਤੀ ਰਿਵਾਜਾਂ ਤੇ ਵਿਚਾਰ ਕਰੀਏ ਤਾਂ ਸ਼ਾਇਦ ਉਹ ਆਦਮੀ ਆਪਣੇ ਫੈਸਲੇ ਨੂੰ ਅਣਸਿੱਖੇ ਤੌਰ ਤੇ ਲਈ ਟਾਲ ਰਿਹਾ ਸੀ। ਉਸ ਦੀ ਬੇਨਤੀ ਦਾ ਮਤਲਬ ਜ਼ਰੂਰੀ ਨਹੀਂ ਕਿ ਇਹੀ ਹੋਵੇ ਕਿ ਉਸ ਦਾ ਪਿਤਾ ਕੁਝ ਸਮਾਂ ਪਹਿਲਾਂ ਮਰਿਆ ਸੀ ਅਤੇ ਉਸ ਦੇ ਦਫ਼ਨਾਏ ਜਾਣ ਦੀਆਂ ਰਸਮਾਂ

ਨਿਭਾਉਣੀਆਂ ਜ਼ਰੂਰੀ ਸਨ। ਉਸ ਦੇ ਬਾਅਦ ਦਾ ਮਤਲਬ ਹੋ ਸਕਦਾ ਹੈ ਕਿ ''ਮੈਂ ਹਾਲੇ ਪਰਿਵਾਰ ਦੀਆਂ ਕੁਝ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ। ਕੁਝ ਸਮੇਂ ਬਾਅਦ, ਮੇਰੇ ਪਿਤਾ ਦੀ ਮੌਤ ਹੋਣ ਦੇ ਹੋਰ ਜ਼ਿੰਵਾਰੀਆਂ ਪੂਰੀਆਂ ਕਰ ਲੈਣ ਦੇ ਬਾਅਦ ਮੈਂ ਤੇਰੇ ਪਿੱਛੇ ਆ ਜਾਵਾਂਗਾ।''[20] ਉਸ ਸਮਾਜ ਵਿਚ ਰਹਿਣ ਵਾਲੇ ਲੋਕ ''ਮੈਨੂੰ ਪਹਿਲਾਂ ਆਪਣੇ ਪਿਤਾ ਨੂੰ ਦਫ਼ਨਾ ਲੈਣ ਦੇਣ'' ਸ਼ਬਦ ਦਾ ਮਤਲਬ ਦੇਣ ਵਾਲੀਆਂ ਕਈ ਉਦਾਹਰਣਾਂ ਦਿੰਦੇ ਹਨ, ਜਿਨ੍ਹਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਬਹੁਤ ਸਮਾਂ ਗੁਜ਼ਰ ਜਾਣ ਦੇ ਬਾਅਦ ਉਸ ਬੋਲਣ ਵਾਲੇ ਨੇ ਇਸ ਤੇ ਵਿਚਾਰ ਕਰਨਾ ਸੀ।[21] ਟੀਕਾਕਾਰਾਂ ਦਾ ਮੰਨਣਾ ਹੈ ਕਿ ਗੱਲ ਇਵੇਂ ਹੀ ਸੀ। ਉਹ ਇਸ ਗੱਲ ਤੇ ਧਿਆਨ ਦੁਆਉਂਦੇ ਹਨ ਕਿ ਜੇ ਉਸ ਆਦਮੀ ਦਾ ਪਿਤਾ ਮਰ ਗਿਆ ਸੀ ਅਤੇ ਹੁਣ ਤਕ ਦਫ਼ਨਾਇਆ ਨਹੀਂ ਗਿਆ ਸੀ ਤਾਂ ਉਹ ਆਦਮੀ ਸੜਕ ਦੇ ਕੰਢੇ ਖੜਾ ਨਹੀਂ ਹੁੰਦਾ, ਜਿੱਥੋਂ ਯਿਸੂ ਉਸ ਨੂੰ ਆਖ ਸਕਦਾ, ''ਮੇਰੇ ਪਿੱਛੇ ਤੁਰ ਆ।'' ਉਹ ਆਦਮੀ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿਚ ਮਸਰੂਫ਼ ਸੀ।[22]

(4) ਯਾਦ ਰੱਖੋ ਕਿ ਯਿਸੂ ਲੋਕਾਂ ਦੇ ਮਨਾਂ ਨੂੰ ਜਾਣਦਾ ਸੀ। ਉਸ ਆਦਮੀ ਦੀਆਂ ਗੱਲਾਂ ਕਿੰਨੀਆਂ ਵੀ ਤਰਕਸੰਗਤ ਕਿਉਂ ਨਾ ਲਗਦੀਆਂ ਹੋਣ, ਮਸੀਹ ਨੇ ਉਨ੍ਹਾਂ ਨੂੰ ਆਪਣੇ ਪਿੱਛੇ ਚੱਲਣ ਲਈ ਨਹੀਂ ਬਲਕਿ ਇਕ ਬਹਾਨੇ ਦਾ ਸਾਫ਼ ਕਾਰਣ ਮੰਨਿਆ।

ਉਸ ਆਦਮੀ ਦੇ ਬਹਾਨੇ ਦੇ ਸੋਗ ਭਰੇ ਸ਼ਬਦ ''ਪਹਿਲਾ'' ਹਨਃ ''ਪ੍ਰਭੂ ਜੀ ਮੈਨੂੰ ਆਗਿਆ ਦਿਓ ਜੋ ਪਹਿਲਾਂ ਜਾ ਕੇ ਆਪਣੇ ਪਿਉ ਨੂੰ ਦੱਬਾਂ।'' ਪਰਮੇਸ਼ੁਰ ਨੇ ਆਖਿਆ ਸੀ, ''ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ'' (ਕੂਚ 20:3)। ਯਿਸੂ ਨੇ ਕਿਹਾ ਸੀ ''ਪਰ ਤੁਸੀਂ ਪਹਿਲਾਂ ਉਹਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ'' (ਮੱਤੀ 6:33)। ਮਸੀਹ ਨੇ ਲਗਾਤਾਰ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਦੇ ਪਿੱਛੇ ਚੱਲਣ ਨਾਲੋਂ ਕਿਸੇ ਵੀ ਗੱਲ ਨੂੰ ਵੱਧ ਪਹਿਲ ਨਹੀਂ ਦਿੱਤੀ ਜਾਣੀ ਚਾਹੀਦੀ, ਭਾਵੇਂ ਉਹ ਪਰਿਵਾਰ ਨਾਲ ਪਿਆਰ ਹੀ ਕਿਉਂ ਨਾ ਹੋਵੇ (ਲੂਕਾ 14:25–27)। ਉਸ ਨੇ ਪੂਰੀ ਵਫ਼ਾਦਾਰੀ ਦੀ ਮੰਗ ਕੀਤੀ।

ਮੈਨੂੰ ਨਹੀਂ ਪਤਾ ਕਿ ਉਸ ਆਦਮੀ ਦੇ ਮਨ ਵਿਚ ਕੀ ਸੀ, ਜਦ ਉਸ ਨੇ ਆਖਿਆ, ''ਮੈਨੂੰ ਆਗਿਆ ਦਿਓ ਜੋ ਪਹਿਲਾਂ ਜਾ ਕੇ ਆਪਣੇ ਪਿਉ ਨੂੰ ਦੱਬਾਂ।'' ਪਰ ਮੈ ਹੋਣ ਵਾਲੇ ਕਈ ਚੇਲਿਆਂ ਵਿੱਚੋਂ ਉਸੇ ਦਾ ਮਨ ਵੇਖਿਆ ਹੈ। ਮੈਂ ਕਈ ਜਵਾਨਾਂ ਨੂੰ ਇਹ ਆਖਦੇ ਹੋਏ ਸੁਣਿਆ ਹੈ, ''ਮੈਨੂੰ *ਪਹਿਲਾਂ* ਜੌਂ ਬੀਜ ਲੈਣ ਦਿਓ, ਫਿਰ ਮੈਂ ਯਿਸੂ ਦੇ ਮਗਰ ਆਵਾਂਗਾ।'' ਮੈਂ ਜਵਾਨ ਕਿੱਤਾਕਾਰਾਂ ਨੂੰ ਇਹ ਆਖਦਿਆਂ ਸੁਣਿਆ ਹੈ, ''*ਪਹਿਲਾਂ* ਮੈਨੂੰ ਆਪਣੇ ਪੈਰਾਂ ਤੇ ਖੜਾ ਹੋ ਕੇ ਪਰਿਵਾਰ ਲਈ ਪ੍ਰਬੰਧ ਕਰ ਲੈਣ ਦਿਓ ਫਿਰ ਮੈਂ ਬੇਫ਼ਿਕਰ ਹੋ ਕੇ ਯਿਸੂ ਦੇ ਮਗਰ ਆ ਸਕਾਂ।'' ਮੈਂ ਬਜ਼ੁਰਗਾਂ ਨੂੰ ਇਹ ਆਖਦਿਆਂ ਸੁਣਿਆ ਹੈ, ''ਸਭ ਜ਼ਿੰਮੇਵਾਰੀਆਂ *ਮੁੱਕਦਿਆਂ ਹੀ* ਮੈਂ ਯਿਸੂ ਦੇ ਮਗਰ ਹੋ ਜਾਵਾਂਗਾ।'' ਕਈ ਵਾਰ ਤਾਂ ਇਹ ਮਕਸਦ ਕੰਮ ਦੇ ਹੁੰਦੇ ਹਨ, ਅਤੇ ਕਈ ਵਾਰ ਬੇਕਾਰ; ਪਰ ਹਰ ਮਾਮਲੇ ਵਿਚ ਦੁੱਖ ਦੀ ਗੱਲ ਇਹ ਸੀ ਕਿ ਉਹ ਮਸੀਹ ਤੋਂ *ਪਹਿਲਾਂ* ਕਿਸੇ ਹੋਰ ਨੂੰ ਰੱਖਦੇ ਹਨ।[23]

ਮੇਰੇ ਧਿਆਨ ਵਿਚ ਇਕ ਆਦਮੀ ਆਉਂਦਾ ਹੈ, ਜਿਹਨੂੰ ਮੈਂ ਵਚਨ ਸਿਖਾ ਕੇ ਬਪਤਿਸਮਾ ਦਿੱਤਾ ਸੀ। ਉਹ ਬੜੀ ਕਾਬਲੀਅਤ ਵਾਲਾ ਇਕ ਗੁਣੀ ਜੁਆਨ ਪਿਤਾ ਸੀ। ਪਹਿਲਾਂ ਤਾਂ ਉਹ ਪ੍ਰਭੂ ਦੇ ਕੰਮਾਂ ਵਿਚ ਬੜੀ ਸਰਗਰਮੀ ਨਾਲ ਭਾਗ ਲੈਂਦਾ ਸੀ। ਫਿਰ ਉਸ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਅਤੇ ਰਾਤ ਦਿਨ ਮਿਹਨਤ ਕਰਨ ਲੱਗਾ। ਉਹ ਘਰ ਵਿਚ ਰਾਤ ਨੂੰ ਦੇਰ ਨਾਲ ਆਉਂਦਾ, ਅਤੇ ਬੰਦਗੀ ਵਿਚ ਆਉਣਾ ਉਸ ਨੇ ਬਹੁਤ ਘੱਟ ਕਰ ਦਿੱਤਾ। ਉਹ ਇਹ ਆਖ ਕੇ ਬਹਾਨੇ ਮਾਰਦਾ, ''ਪਹਿਲਾਂ ਮੈਂ ਆਪਣਾ ਕੰਮ ਕਾਰ ਸੈੱਟ ਕਰ ਲਵਾਂ। ਫਿਰ ਮੈਂ ਖ਼ੁਦਾ ਨੂੰ ਆਪਣਾ ਸਮਾਂ ਅਤੇ ਧਨ ਵੀ ਦਿਆਗਾ।'' ਉਹ ਪ੍ਰਭੂ ਤੋਂ ਦੂਰ ਅਤੇ ਦੂਰ ਹੁੰਦਾ ਗਿਆ; ਜਿੱਥੋਂ ਤਕ ਮੈਨੂੰ ਪਤਾ ਹੈ, ਉਹ ਕਦੇ ਮੁੜ ਕੇ ਨਹੀਂ ਆਉਂਦਾ।

ਡਾਂਵਾਂਡੋਲ ਉਮੀਦਵਾਰ ਨੂੰ ਯਿਸੂ ਦਾ ਸੰਦੇਸ਼ ਸੀ ਕਿ *''ਉਲਝਣ ਤੇ ਵਿਚਾਰ ਕਰ ਲਓ!''* ਜਾਂ

ਇਵੇਂ ਆਖੋ ਕਿ ''ਜਦ ਕਿਸੇ ਨੂੰ ਉਲਝਣ ਭਰੇ ਕੰਮ ਵਿੱਚੋਂ ਚੁਣਨਾ ਹੋਵੇ, ਤਾਂ ਜੇ ਤੂੰ ਮੇਰਾ ਚੇਲਾ ਹੈਂ, ਤਾਂ ਤੂੰ ਪਹਿਲਾਂ ਉਹੀ ਕਰੇਂਗਾ, ਜਿਸ ਦੀ ਮੈਂ ਤੈਨੂੰ ਆਗਿਆ ਦਿੱਤੀ ਹੈ।''

ਯਿਸੂ ਨੇ ਉਸ ਨੂੰ ਕੀ ਆਗਿਆ ਦਿੱਤੀ ਸੀਂ? ''ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ *ਪਰ ਤੂੰ* ਜਾ ਕੇ ਖ਼ੁਦਾ ਦੇ ਰਾਜ ਦੀ ਖ਼ਬਰ ਸੁਣਾ'' (ਲੂਕਾ 9:60)। ਹੋਰ ਸ਼ਬਦਾਂ ਵਿਚ ''ਜ਼ਿੰਦਗੀ ਦੇ ਆਮ ਕੰਮਾਂ, ਜਿਵੇਂ ਮੁਰਦਿਆਂ ਨੂੰ ਦੱਬਣ ਦਾ ਕੰਮ ਕਰਨ ਵਾਲਾ ਕੋਈ ਨਾ ਕੋਈ ਜ਼ਰੂਰ ਹੋਵੇਗਾ, ਪਰ ਮੈਂ ਤੈਨੂੰ ਇਹ ਖ਼ਾਸ ਕੰਮ ਦਿੰਦਾ ਹਾਂ: ਹਰ ਥਾਂ ਜਾ ਕੇ ਇਸ ਗਲ ਦਾ ਐਲਾਨ ਕਰ ਕਿ ਰਾਜ ਕਾਇਮ ਹੋਣ ਵਾਲਾ ਹੈ![24] ਇਹ ਬਹੁਤਾ ਜ਼ਰੂਰੀ ਹੈ, ਸੋ ਮੇਰੇ ਪਿੱਛੇ *ਹੁਣੇ* ਚੱਲ।''

**ਅਨਿਸਚਿਤ ਉਮੀਦਵਾਰ (ਲੂਕਾ 9:61, 62)**

ਦੂਜੇ ਆਦਮੀ ਵਾਂਗ ਹੋਣ ਵਾਲੇ ਤੀਜੇ ਉਮੀਦਵਾਰ ਨੇ ਪਹਿਲਾਂ ਕੁਝ ਹੋਰ ਕਰਨ ਨੂੰ ਆਖਿਆ: ''ਅਤੇ ਇਕ ਹੋਰ ਬੋਲਿਆ, ਪ੍ਰਭੂ ਜੀ, ਮੈਂ ਤੁਹਾਡੇ ਲੜ ਲੱਗਾਂਗਾ ਪਰ ਪਹਿਲਾਂ ਮੈਨੂੰ ਆਗਿਆ ਦਿਓ ਜੋ ਆਪਣੇ ਘਰ ਦਿਆਂ ਲੋਕਾਂ ਤੋਂ ਵਿਦਿਆ ਹੋ ਆਵਾਂ'' (ਆਇਤ 61)। ਪਹਿਲੀ ਬੇਨਤੀ ਵਾਂਗ, ਉਸਦੀ ਦੁਆ ਤਰਕ ਰਹਿਤ ਨਹੀਂ ਲੱਗੀ।[25] ਪਰ ਯਾਦ ਰੱਖੋ ਕਿ ਪੂਰਬ ਦੇ ਦੇਸ਼ਾਂ ਵਿਚ, ਵਿਦਾਇਗੀ ਸਮੇਲਨ ਕਈ ਕਈ ਦਿਨ, ਹਫਤੇ ਜਾਂ ਮਹੀਨੇ ਤਕ ਚੱਲ ਸਕਦਾ ਸੀ। ਯਿਸੂ ਦੇ ਪਿਛੇ ਚੱਲਣ ਲਈ, ਉਸ ਨੂੰ ਇਸ ਨੂੰ ਤਦ ਕਰਨਾ ਜ਼ਰੂਰੀ ਸੀ; ਪ੍ਰਭੂ ਨੇ ਅਗਲੇ ਦਿਨ ਉੱਥੇ ਨਹੀਂ ਹੋਣਾ ਸੀ; ਜੋ ਇਕ ਹਫ਼ਤੇ ਜਾਂ ਮਹੀਨੇ ਬਾਅਦ ਨਾਲੋਂ ਕਿਤੇ ਘੱਟ ਦੇਰ ਸੀ।

ਇਸ ਸੰਭਾਵਨਾ ਤੇ ਵੀ ਵਿਚਾਰ ਕਰੋ ਕਿ ਜੇ ਉਹ ਆਦਮੀ ਘਰ ਵਿਚ ਅਲਵਿਦਾ ਆਖਣ ਲਈ ਜਾਂਦਾ ਤਾਂ ਉਸ ਦੇ ਪਰਿਵਾਰ ਵਾਲੇ ਉਸ ਤੋਂ ਮਸੀਹ ਦੇ ਚੇਲੇ ਦੀ ਅਨਿਸ਼ਚਿਤ ਜ਼ਿੰਦਗੀ ਦੀਆਂ ਗੱਲਾਂ ਕਰਨ ਲੱਗ ਪੈਣਗੇ।[26] ਹਿੰਦੂ ਮਾਹੌਲ ਵਿਚ ਪਾਲਣ ਪੋਸ਼ਣ ਹੋਏ ਲੋਕਾਂ ਨੂੰ ਸਿਖਾਉਣ ਵਾਲੇ ਪ੍ਰਚਾਰਕ ਆਖਦੇ ਹਨ ਕਿ ਆਪਣੇ ਬੱਚਿਆਂ ਨੂੰ ਮਸੀਹੀਅਤ ਨੂੰ ਕਬੂਲ ਨਾ ਕਰਨ ਦੇਣ ਲਈ ਉਨ੍ਹਾਂ ਦੇ ਮਾਤਾ ਪਿਤਾ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਇਸ ਆਖਰੀ ਹੀਲੇ ਦੇ ਤੌਰ ਤੇ ਉਹ ਆਖਦੇ ਹਨ, ''ਠੀਕ ਹੈ। ਜੇ ਤੂੰ ਬਪਤਿਸਮਾ ਲੈਣਾ ਹੀ ਹੈ, ਤਾਂ ਜੋ ਤੇਰੇ ਮਨ ਵਿਚ ਆਵੇ ਕਰ। ਪਰ ਅਸੀਂ ਤੈਨੂੰ ਇਕ ਵਾਰ ਪੁੱਛਦੇ ਹਾਂ, ਪਹਿਲਾਂ ਆਖ਼ਰੀ ਵਾਰ ਆ ਕੇ ਸਾਨੂੰ ਮਿਲ ਤਾਂ ਲੈ। ਜੋ ਕੁਝ ਅਸੀਂ ਹੁਣ ਤਕ ਤੇਰੇ ਲਈ ਕੀਤਾ ਹੈ, ਉਸ ਦੇ ਸਾਹਮਣੇ ਤਾਂ ਸਾਡੀ ਇਹ ਇੱਛਾ ਬਹੁਤ ਛੋਟੀ ਹੈ।'' ਪ੍ਰਚਾਰਕ ਦੱਸਦੇ ਹਨ ਕਿ ਕੁਝ ਬੱਚੇ ਮਨ ਨੂੰ ਲੱਗਣ ਵਾਲੀ ਇਸ ਗੱਲ ਨੂੰ ਮੰਨ ਲੈਂਦੇ ਹਨ, ਅਤੇ ਘਰ ਚਲੇ ਜਾਣ ਵਾਲਿਆਂ ਵਿੱਚੋਂ ਸਿਰਫ਼ ਕੁਝ ਹੀ ਮਸੀਹੀ ਬਣਨ ਲਈ ਵਾਪਸ ਆਉਂਦੇ ਹਨ।[27]

ਯਿਸੂ ਇਸ ਆਦਮੀ ਨੂੰ ਉਵੇਂ ਹੀ ਜਵਾਬ ਦੇ ਸਕਦਾ ਸੀ, ਜਿਵੇਂ ਉਸ ਨੇ ਦੂਜਿਆਂ ਨੂੰ ਦਿੱਤਾ ਸੀ ਕਿ ਉਹ ਉਸ ਨੂੰ ਆਖਦਾ ਕਿ ਦੇਰ ਨਾ ਕਰ। ਪਰ ਉਸ ਦੇ ਮਨ ਵਿਚ ਉਸ ਨੇ ਵੇਖਿਆ ਕਿ ਉਸ ਦਾ ਆਪਣੀ ਪੁਰਾਣੀ ਜ਼ਿੰਦਗੀ ਨਾਲ ਐਨਾ ਲਗਾਅ ਸੀ ਕਿ ਉਸ ਤੋਂ ਛੱਡਿਆ ਨਹੀਂ ਜਾ ਸਕਦਾ ਸੀ। ਇਸ ਉਮੀਦਵਾਰ ਨੂੰ ਉਸ ਦਾ ਸੰਦੇਸ਼ ਸੀ, *''ਨਤੀਜਿਆਂ ਤੇ ਗੌਰ ਕਰ ਲੈ।''* ਪਰ ''ਯਿਸੂ ਨੇ ਉਸ ਨੂੰ ਆਖਿਆ, ਜੇ ਕੋਈ ਆਪਣਾ ਹੱਥ ਹਲ ਤੇ ਰੱਖ ਕੇ ਪਿੱਛਾਹਾਂ ਨੂੰ ਵੇਖੇ ਤਾਂ ਉਹ ਪਰਮੇਸ਼ੁਰ ਦੇ ਰਾਜ ਦੇ ਯੋਗ ਨਹੀਂ'' (ਆਇਤ 62)।

ਜਿਸ ਹਲ ਦੀ ਇੱਥੇ ਗੱਲ ਕੀਤੀ ਗਈ ਹੈ, ਉਹ ਇਕ ਛੋਟਾ, ਹਲਕਾ ਹਲ ਹੁੰਦਾ ਸੀ, ਜਿਸ ਨੂੰ ਸੱਜੇ ਹੱਥ ਨਾਲ ਫੜ ਕੇ[28] ਖੱਬੇ ਹੱਥ ਨਾਲ ਬਲਦ ਨਾਲ ਖੇਤ ਨੂੰ ਵਾਹਿਆ ਜਾਂਦਾ ਸੀ। ਤੁਸੀਂ ਕਦੇ ਹਲ ਵਾਹਿਆ ਹੋਵੇ ਜਾਂ ਨਹੀਂ ਪਰ ਤੁਸੀਂ ਇਹ ਜਾਣਦੇ ਹੋਵੋਗੇ ਕਿ ਪਿੱਛੇ ਮੁੜ ਕੇ ਵੇਖਣ ਵਾਲਾ ਹਲ ਨਹੀਂ ਚਲਾ ਸਕਦਾ। ਇਕ ਭਿਆਨਕ ਦਿਨ ਦਾ ਧਿਆਨ ਆਉਂਦਾ ਹੈ। ਜਦ ਮੈਂ ਛੋਟਾ ਮੁੰਡਾ ਸਾਂ, ਤਾਂ ਮੈਨੂੰ ਕਿਸੇ ਨੇ ਆਪਣੇ ਖੇਤ ਵਿਚ ਹਲ ਚਲਾਉਣ ਲਈ ਮਜ਼ਦੂਰੀ ਤੇ ਰੱਖਿਆ। ਮੈਨੂੰ ਕੁਝ ਪਤਾ ਨਹੀਂ

ਸੀ ਕਿ ਮੈਂ ਕੀ ਕਰ ਰਿਹਾ ਹਾਂ। ਹਲ ਸਿਆੜ ਐੱਨੀ ਟੇਢੀ ਮੇਡੀ ਬਣ ਗਈ ਕਿ ਪੂਰਾ ਖੇਤ ਹੀ ਫਿਰ ਤੋਂ ਵਾਹੁਣਾ ਪਿਆ ਸੀ।

ਪਿੱਛੇ ਮੁੜ ਕੇ ਵੇਖਣਾ ਸਿਰਫ਼ ਹਲ ਚਲਾਉਣ ਲਈ ਹੀ ਨਹੀਂ ਬਲਕਿ ਪ੍ਰਭੂ ਦੇ ਪਿੱਛੇ ਚੱਲਣ ਵਾਲੇ ਲਈ ਵੀ ਕਾਰਣਾਕ ਹੈ।[29] ਹੋਣ ਵਾਲਾ ਇਹ ਚੇਲਾ ਸਿੱਧੇ ਤੌਰ ਤੇ ਆਪਣੇ ਪਰਿਵਾਰ ਅਤੇ ਦੋਸਤਾਂ ਵੱਲ ਪਿੱਛੇ ਵੱਲ ਵੇਖ ਰਿਹਾ ਸੀ, ਪਰ ਇਹ ਮੋਹ ਪਿੱਛਲੀ ਕਿਸੇ ਵੀ ਗੱਲ ਨਾਲ ਹੋ ਸਕਦਾ ਹੈ, ਭਾਵੇਂ ਇਹ ਮਸੀਹੀ ਸਿਧਾਂਤਾਂ ਨੂੰ ਨਜ਼ਰਅੰਦਾਜ਼ ਕਰਕੇ ਪਾਈ ਗਈ ਪਿਛਲੀ ਕਾਮਯਾਬੀ ਹੀ ਕਿਉਂ ਨਾ ਹੋਵੇ। ਮਸੀਹ ਮੁਤਾਬਿਕ ਪਾਪ ਦੇ ਪੁਰਾਣੀ ਜ਼ਿੰਦਗੀ ਦੀ ਵੱਲ ਵੇਖਦੇ ਰਹਿਣ ਵਾਲੇ ਲੋਕ ਆਪਣੇ ਪਾਪ ਨੂੰ ਰਾਜ ਵਿਚ ਦਾਖਲੇ ਦੇ ਅਯੋਗ ਬਣਾ ਲੈਂਦੇ ਹਨ।

## ਹੋਣ ਵਾਲੇ ਚੇਲੇ ਹੁਣ

ਬਾਈਬਲ ਦੀਆਂ ਇਨ੍ਹਾਂ ਆਇਤਾਂ ਤੋਂ ਅਸੀਂ ਕੀ ਨਿਚੋੜ ਕੱਢਾਂਗੇ? ਪਰਿਵਾਰ ਅਤੇ ਦੋਸਤਾਂ ਨਾਲ ਆਪਣੀਆਂ ਪੁਰਾਣੀਆਂ ਜ਼ਿੰਦਗੀਆਂ ਤੋਂ ਹਰ ਤਰ੍ਹਾਂ ਦੇ ਸਬੰਧ ਤੋੜ ਲੈਣ ਦੀ ਸਖ਼ਤ ਨੀਤੀ ਨੂੰ ਮਸੀਹਾ ਠਹਿਰਾਉਣ ਲਈ ਲੂਕਾ 9:57–62 ਵਰਗੀਆਂ ਆਇਤਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਯਿਸੂ ਨੇ ਕਦੇ ਇਹ ਨਹੀਂ ਆਖਿਆ ਕਿ ਪਰਿਵਾਰਿਕ ਜ਼ਿੰਮੇਵਾਰੀਆਂ ਪੂਰਾ ਕਰਨੀਆਂ, ਦੋਸਤ ਬਣਾਉਣਾ ਜਾਂ ਕਿਸੇ ਦੇ ਜਨਜ਼ੇ ਤੇ ਜਾਣਾ ਗਲਤ ਹੈ। ਇਸ ਦੇ ਬਿਲਕੁਲ ਉਲਟ ਉਸ ਨੇ ਸਿਖਾਇਆ ਕਿ ਸਾਨੂੰ ਆਪਣੇ ਮਾਤਾ ਪਿਤਾ ਦੀ ਦੇਖਭਾਲ ਕਰਨੀ ਚਾਹੀਦੀ ਹੈ (ਮੱਤੀ 15:4–6; 19:19), ਉਸ ਦੇ ਦੋਸਤ ਸਨ (ਲੂਕਾ 12:4; ਯੂਹੰਨਾ 15:15), ਅਤੇ ਉਹ ਆਪ ਲੋਕਾਂ ਨਾਲ ਇਕ ਦੋ ਜਨਾਜ਼ਿਆਂ ਤੇ ਵੀ ਗਿਆ (ਮੱਤੀ 9:23–25; ਲੂਕਾ 7:12–15)।

ਲੂਕਾ 9:57–62 ਦੇ ਸੰਦੇਸ਼ਾਂ ਨੂੰ ਇਕ ਸ਼ਬਦ *ਵਚਨਬੱਧਤਾ* ਸਰਮਨ ਨਾਲ ਅਸੀਂ ਇਸ ਉਪਦੇਸ਼ ਵਿਚ ਕਈ ਵਾਰ ਵਰਤੋਂ ਕੀਤੀ ਹੈ, ਸੰਖੇਪ ਕਰ ਸਕਦੇ ਹਾਂ: ਨੁਮਾਇੰਦਗੀ। ਮਸੀਹ ਦੇ ਚੇਲੇ ਹੋਣ ਦੇ ਲਈ ਸਾਨੂੰ ਪੂਰੀ ਤਰ੍ਹਾਂ ਨਾਲ ਉਸ ਦੇ ਕੰਮ ਪ੍ਰਤੀ ਵਚਨਬੱਧ ਹੋਣਾ ਜ਼ਰੂਰੀ ਹੈ।

### ਜੋਸ਼ੀਲੇ ਉਮੀਦਵਾਰ

ਜੋਸ਼ੀਲੇ ਉਮੀਦਵਾਰ ਨੂੰ ਪ੍ਰਭੂ ਆਖਦਾ ਹੈ,[30] ''ਉਹ ਵਚਨਬੱਧਤਾ ਕਰਨ ਤੋਂ ਪਹਿਲਾਂ ਸਮਝ ਲਓ ਕਿ ਉਸ ਵਿਚ ਕੀ ਜ਼ਰੂਰੀ ਹੈ।''

ਪਹਿਲਾਂ ਇਕ ਥਾਂ ਤੇ ਮਸੀਹ ਨੇ ਆਖਿਆ ਸੀ, ''ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ *ਆਪਣੀ ਸਲੀਬ ਚੁੱਕ ਕੇ* ਮੇਰੇ ਪਿੱਛੇ ਚੱਲੇ'' (ਲੂਕਾ 9:23;)। ਫ਼ਲਿਸਤੀਨ ਵਿਚ ਰਹਿਣ ਵਾਲੇ ਵਧੇਰੇ ਲੋਕਾਂ ਨੇ ਕਿਸੇ ਨਾ ਕਿਸੇ ਸਲੀਬ ਚੁੱਕੇ ਆਦਮੀ ਨੂੰ ਵੇਖਿਆ ਹੋਵੇਗਾ। ਸਭ ਨੂੰ ਪਤਾ ਸੀ ਕਿ ਜੇ ਤੁਸੀਂ ਸਲੀਬ ਚੁੱਕਦੇ ਹੋ, ਤਾਂ ਤੁਸੀਂ ਮਰਨ ਵਾਲੇ ਹੋ (ਵੇਖੋ ਯੂਹੰਨਾ 19:17); ਕਿਉਂਕਿ ਸਲੀਬ ਚੁੱਕ ਲੈ ਜਾਣ ਵਾਲਾ ਵਾਪਸ ਨਹੀਂ ਆਉਂਦਾ ਸੀ। ''ਮੇਰੇ ਪਿੱਛੇ ਤੁਰ ਆ'' ਦੀ ਚੁਣੌਤੀ ਵੇਖ ਕੇ ਪ੍ਰਭੂ ਆਪਣੇ ਆਪ ਦਾ ਇਨਕਾਰ ਕਰਨ ਦੇ ਲਈ ਹੀ ਆਖ ਰਿਹਾ ਸੀ।

ਸਾਡੇ ਵਿੱਚੋਂ ਜੋ ਲੋਕ ਪਰਚਾਰ ਕਰਦੇ ਅਤੇ ਸਿਖਾਉਂਦੇ ਹਨ, ਉਹ ਜੇ ਇਹ ਪ੍ਰਭਾਵ ਛੱਡਦੇ ਹਨ ਕਿ ਯਿਸੂ ਦੇ ਪਿੱਛੇ ਚੱਲਣਾ ਅਸਾਨ ਹੈ ਤਾਂ ਅਸੀਂ ਆਪਣੇ ਵਿਦਿਆਰਥੀਆਂ ਦੀ ਸੇਵਾ ਨਹੀਂ ਕਰ ਰਹੇ ਹਾਂ। ਮਸੀਹ ਨੇ ਆਪਣੇ ਚੇਲਿਆ ਨੂੰ ਦੱਸਿਆ ਸੀ ਕਿ ''ਜਗਤ ਵਿਚ ਤੁਹਾਨੂੰ ਕਸ਼ਟ ਹੈ'' (ਯੂਹੰਨਾ 16:33ਅ)। ਪੌਲੁਸ ਨੇ ਆਖਿਆ ਹੈ, ''ਸੱਭੇ ਜਿੰਨੇ ਮਸੀਹ ਯਿਸੂ ਵਿਚ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ'' (2 ਤਿਮੋਥਿਉਸ 3:12)। ਇਕ ਪੁਰਾਣੇ ਗੀਤ ਦਾ ਅਨੁਵਾਦ ਹੈ, ''ਜੇ ਤੁਸੀਂ ਸਲੀਬ ਨਹੀਂ ਚੁੱਕਦੇ ਤਾਂ ਤੁਸੀਂ ਤਾਜ ਨਹੀਂ ਪਾ ਸਕਦੇ।'' ਸੱਚੀ ਗੱਲ ਤਾਂ ਇਹ ਹੈ ਕਿ ਯਿਸੂ

ਦੇ ਮਗਰ ਚੱਲਣ ਲਈ ਕੁਝ ਨਾ ਕੁਝ ਤਾਂ ਛੱਡਣਾ ਹੀ ਪਵੇਗਾ!

ਕੀ ਯਿਸੂ ਚਾਹੁੰਦਾ ਹੈ ਕਿ ਤੁਸੀਂ ਉਸ ਦੇ ਚੇਲੇ ਬਣੋ? ਬੇਸ਼ੱਕ! ਇਸ ਦੇ ਨਾਲ ਹੀ, ਉਸ ਦੇ ਚੇਲੇ ਬਣਨ ਤੋਂ ਪਹਿਲਾਂ, ਪ੍ਰਭੂ ਚਾਹੁੰਦਾ ਹੈ ਕਿ ਤੁਸੀਂ ਉਸ ਨੁਮਾਇੰਦਗੀ ਨੂੰ ਚੰਗੀ ਤਰ੍ਹਾਂ ਨਾਲ ਸਮਝ ਲਓ।

### ਡਾਂਵਾਂਡੋਲ ਉਮੀਦਵਾਰ

ਡਾਂਵਾਂਡੋਲ ਉਮੀਦਵਾਰਾਂ ਨੂੰ ਮਸੀਹ ਆਖਦਾ ਹੈ, ''ਇਹ ਵਚਨਬੱਧਤਾ ਦੇ ਸਮੇਂ ਸਮਝ ਲਓ ਕਿ ਇਸ ਦਾ ਮਤਲਬ ਹੈ ਕਿ ਹਰ ਗੱਲ ਤੋਂ ਪਹਿਲਾਂ, ਭਾਵੇਂ ਉਹ ਪਰਿਵਾਰ ਅਤੇ ਦੋਸਤ ਹੀ ਕਿਉਂ ਨਾ ਹੋਣ *ਮੈਂ* ਆਉਂਦਾ ਹਾਂ।'' ''ਜੋ ਕੋਈ ਪਿਉ ਜਾਂ ਮਾਂ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ'' (ਮੱਤੀ 10:37)।

ਸਾਡੀਆਂ ਪਹਿਲੀਆਂ ਲੋੜਾਂ ਵਿਚ ਘਰ, ਪਰਿਵਾਰ ਅਤੇ ਦੋਸਤ ਆਉਂਦੇ ਹਨ। ਆਪਣੀ ਜ਼ਿੰਦਗੀ ਯਿਸੂ ਨੂੰ ਦੇਣ ਤੋਂ ਪਹਿਲਾਂ ਉਹ ਸਾਥੋਂ ਹਰ ਇਕ ਤੋਂ ਚਾਹੁੰਦਾ ਹੈ ਕਿ ਅਸੀਂ ਪੁੱਛ ਲਈਏ, ''ਪਰ ਜੇ ਪ੍ਰਭੂ ਦੇ ਮਗਰ ਚੱਲਣ ਲਈ ਮੈਨੂੰ ਇਨ੍ਹਾਂ ਸਾਰਿਆਂ ਨੂੰ ਛੱਡਣਾ ਪਵੇ? ਤਾਂ ਕੀ ਮੈਂ ਕਿਵੇਂ ਕਰਨ ਦੇ ਲਈ ਤਿਆਰ ਹੋਵਾਂਗਾ?'' ਮਨ ਨੂੰ ਟੋਹਣ ਵਾਲਾ ਅਜਿਹਾ ਕੋਈ ਹੋਰ ਸਵਾਲ ਹੋ ਸਕਦਾ ਹੈ: ਜੇ ਮਸੀਹ ਦੇ ਪਿੱਛੇ ਚੱਲਣ ਦਾ ਮਤਲਬ ਇਹ ਹੋਵੇ ਕਿ ਮੇਰੀ ਕਮਾਈ ਬਹੁਤ ਘੱਟ ਹੈ ... ਕਿ ਲੋਕ ਮੇਰੇ ਸਮਰਪਣ ਨੂੰ ਨਹੀਂ ਸਮਝਣਗੇ ... ਕਿ ਹੋ ਸਕਦਾ ਹੈ ਕਿ ਮੈਂ ਸਤਾਇਆ ਵੀ ਜਾਵਾਂ? ਕੀ ਮੈਂ ਫਿਰ ਵੀ ਉਸ ਦੇ ਪਿੱਛੇ ਚੱਲਾਂਗ?ਮਾਈਕਲ ਵਿਲਕੋਕ ਨੇ ਲਿਖਿਆ ਹੈ, ''ਜਦ ਦੋ ਰਾਹਾਂ ਵਿੱਚੋਂ ਇਕ ਨੂੰ ਚੁਣਨਾ ਜ਼ਰੂਰੀ ਹੋਵੇ ਤਾਂ ਅਸੀਂ ਕਿਸ ਨੂੰ ਮੰਨਾਂਗੇ? ਅਰਾਮ ਜਾਂ ਰੀਤਾਂ, ਰਵਾਇਤਾਂ ਜਾਂ ਮਸੀਹ ਨੂੰ?''[31]

ਪੌਲੁਸ ਨੇ ਲਿਖਿਆ ਹੈ ਕਿ ਮਸੀਹ ''ਦੇਹੀ ਦਾ ਭਾਵ ਕਲੀਸੀਆ ਦਾ ਸਿਰ ਹੈ; ... ਕਿ ਉਹ ਸਭਨਾਂ ਗੱਲਾਂ ਵਿਚ *ਪ੍ਰਧਾਨ* ਹੋਵੇ'' (ਕੁਲੁੱਸੀਆਂ 1:18)। ਕੁਝ ਲੋਕਾਂ ਲਈ ਇਹ ਸੱਚ ਕਿ ਪ੍ਰਭੂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ, ਇਕ ਯਾਦ ਕਰਵਾਉਣ ਵਾਲੀ ਗੱਲ ਹੈ, ਜਦ ਕਿ ਦੂਜਿਆਂ ਲਈ ਇਹ ਇਕ ਪ੍ਰਕਾਸ਼ਨ ਹੈ।

### ਅਨਿਸਚਿਤ ਉਮੀਦਵਾਰ

ਹੁਣ ਤਕ ਦੇ ਯਿਸੂ ਦੇ ਸੰਦੇਸ਼ ਮਹੱਤਵਪੂਰਨ ਹਨ: ''ਵਿਚਾਰ ਕਰੋ ਕਿ ਪਿੱਛੇ ਚੱਲਣਾ ਮੈਨੂੰ ਕਿੰਨਾ ਮਹਿੰਗਾ ਪਵੇਗਾ ਅਤੇ ਸਮਝ ਲਓ ਕਿ ਇਸ ਨਾਲ ਕੀ ਕੀ ਸਹਿਣਾ ਪਵੇਗਾ।'' ਪਰ ਇਨ੍ਹਾਂ ਦੋ ਚਿਤਾਵਨੀਆਂ ਨੂੰ ਸੁਣ ਕੇ ਮੈਂ ਹੋਣ ਵਾਲੇ ਇਕ ਚੇਲੇ ਦੇ ਇਹ ਆਖਣ ਦੀ ਕਲਪਨਾ ਕਰ ਸਕਦਾ ਹਾਂ, ''ਜੇ ਮਸੀਹ ਦੇ ਪਿੱਛੇ ਚੱਲਣਾ ਐਨਾ ਮੁਸ਼ਕਿਲ ਹੈ, ਤਾਂ ਸਚਮੁਚ ਮੈਨੂੰ ਉਸ ਦੇ ਪਿੱਛੇ ਚੱਲਣ ਵਿਚ ਕੋਈ ਦਿਲਚਸਪੀ ਨਹੀਂ ਹੈ!'' ਇਸ ਲਈ ਉਮੀਦਵਾਰਾਂ ਲਈ ਉਸ ਦੀ ਗੱਲ ''ਮੈਥੋਂ ਪਿੱਛੇ ਮੁੜ ਕੇ ਜਾਣ ਦੇ ਨਤੀਜਿਆਂ ਤੇ ਵਿਚਾਰ ਕਰ ਲਓ: ਤੂੰ ਖ਼ੁਦਾ ਦੇ ਰਾਜ ਦੇ ਯੋਗ ਨਹੀਂ ਠਹਿਰੇਂਗਾ!'' ਸੰਤੁਲਨ ਬਣਾਉਣ ਦੀ ਲੋੜ ਹੈ।

ਤੁਹਾਡੇ ਵਿੱਚੋਂ ਵਧੇਰੇ ਜੋ ਪੜ੍ਹ ਰਹੇ ਹਨ ਜਾਣਦੇ ਹਨ ਕਿ ਇਸ ਤੋਂ ਥੋੜ੍ਹਾ ਪਹਿਲਾਂ ਯਿਸੂ ਨੇ ਮਸੀਹ ਦੇ ਰਾਜ ਨੂੰ ਉਸ ਕਲੀਸੀਆ ਦੇ ਤੌਰ ਤੇ ਦੱਸਿਆ ਜੋ ਉਸ ਨੇ ਬਣਾਈ ਸੀ (ਮੱਤੀ 16:18, 19; ਵੇਖੋ ਕੁਲੁੱਸੀਆਂ 1:13)। ਤੁਸੀਂ ਇਹ ਵੀ ਜਾਣਦੇ ਹੋਵੋਗੇ ਕਿ ਸੁਰਗ ਨੂੰ ਆਮ ਤੌਰ ਤੇ ਖ਼ੁਦਾ ਦੇ ਰਾਜ ਦੇ ਰੂਪ ਵਿਚ ਦੱਸਿਆ ਜਾਂਦਾ ਹੈ (1 ਕੁਰਿੰਥੀਆਂ 15:50; 2 ਤਿਮੋਥਿਉਸ 4:18; 2 ਪਤਰਸ 1:11)। ਇਸ ਲਈ ''ਖ਼ੁਦਾ ਦੇ ਰਾਜ ਦੇ ਯੋਗ ... ਨਹੀਂ'' ਪੜ੍ਹਨ ਤੇ ਅਸੀਂ ਸੋਚਦੇ ਹਾਂ ''ਜੇ ਕੋਈ ਪ੍ਰਭੂ ਦੇ ਪਿੱਛੇ ਚੱਲਣ ਨੂੰ ਤਿਆਰ ਨਹੀਂ ਹੈ, ਤਾਂ ਉਹ ਕਲੀਸੀਆ ਦਾ ਵਫ਼ਦਾਰ ਮੈਂਬਰ ਨਹੀਂ ਬਣ ਸਕਦਾ ਅਤੇ ਆਖਰ ਵਿਚ ਨਤੀਜਾ ਇਹ ਹੋਵੇਗਾ ਕਿ ਉਹ ਸੁਰਗ ਵਿਚ ਨਹੀਂ ਜਾਵੇਗਾ।'' ਇਸ

ਵਾਕ ਦੀ ਹਰ ਗੱਲ ਸੱਚ ਹੈ, ਪਰ ਇਸ ਵਿਚ ਪਹਿਲੀ ਸਦੀ ਦੇ ਸਰੋਤਿਆਂ ਤੇ ਮਸੀਹ ਦੇ ਸ਼ਬਦਾਂ ਨੂੰ ਭਾਵਨਾਤਮਕ ਅਸਰ ਦਾ ਪਤਾ ਨਹੀਂ ਲਗਦਾ।

ਮਸੀਹ ਦੇ ਰਾਜ ਬਾਰੇ ਯਿਸੂ ਦੇ ਸੁਣਨ ਵਾਲਿਆਂ ਦੇ ਮਨ ਵਿਚ ਹੋਣ ਵਾਲੇ ਅਰਥ ਤੇ ਧਿਆਨ ਦਿਓ। ਉਹ ਸਦੀਆਂ ਤੋਂ ਉਸ ਰਾਜ ਦੀ ਉਡੀਕ ਕਰ ਰਹੇ ਸਨ, ਉਸਦੇ ਆਉਣ ਦੀ ਦੁਆ ਕਰ ਰਹੇ ਸਨ (ਵੇਖੋ ਮਰਕੁਸ 11:10; 15:43)। ਪ੍ਰਭੂ ਆ ਕੇ ਇਹ ਪ੍ਰਚਾਰ ਕਰ ਰਿਹਾ ਸੀ, ''ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ'' (ਮੱਤੀ 3:2; 4:17)। ਆਪਣੇ ਪਿੱਛੇ ਚੱਲਣ ਵਾਲਿਆਂ ਨੂੰ ਉਸ ਨੇ ਦੱਸਿਆ ਸੀ ਕਿ ''ਇਨ੍ਹਾਂ ਵਿੱਚੋਂ ਜਿਹੜੇ ਐੱਥੇ ਖੜੇ ਕਈ ਹਨ ਕਿ ਜਦ ਤੀਕਰ ਪਰਮੇਸ਼ੁਰ ਦੇ ਰਾਜ ਨੂੰ ਕੁਦਰਤ ਨਾਲ ਆਇਆ ਹੋਇਆ ਨਾ ਵੇਖਣ ਕਦੀ ਮੌਤ ਦਾ ਸੁਆਦ ਨਾ ਚੱਖਣਗੇ'' (ਮਰਕੁਸ 9:1। ਉਸ ਰਾਜ ਦੀ ਸਥਾਪਨਾ ਦੀ ਸਮੇਂ ਨੇੜੇ ਆਉਣ ਤੇ ਉੱਤੇਜਨਾ ਵੱਧ ਰਹੀ ਸੀ।[32] ਰਾਜ ਦੇ ਆਉਣ ਤੇ ਇਸ ਲਈ ਅਯੋਗ ਹੋਣਾ ਹਰ ਸੰਭਵ ਤਬਾਹੀ ਨਾਲੋਂ ਕਾਰਣਾਕ ਸੀ! ਪਰ ਮਸੀਹ ਨੇ ''ਹਲ ਤੇ ਹੱਥ ਰੱਖ ਕੇ'' ਪਿੱਛੇ ਮੁੜ ਕੇ ਵੇਖਣ ਵਾਲੇ ਦੇ ਭਵਿੱਖ ਦਾ ਐਲਾਨ ਕੀਤਾ।

ਨਵਾਂ ਨੇਮ ਰਾਜ/ਕਲੀਸੀਆ ਦੀ ਤੁਲਨਾ ਉਸ ਬੇਸ਼ਕੀਮਤੀ ਖਜ਼ਾਨੇ ਨਾਲ ਕਰਦਾ ਹੈ, ਜਿਸ ਲਈ ਕੋਈ ਵੀ ਕੁਰਬਾਨੀ ਘੱਟ ਹੈ (ਮੱਤੀ 13:44–46)। ਰਾਜ/ਕਲੀਸੀਆ ਦਾ ਸੰਦੇਸ਼ ''ਖ਼ੁਸ਼ਖ਼ਬਰੀ'' ਦਾ ਪ੍ਰਚਾਰ ਹੈ (ਮੱਤੀ 24:14; ਰਸੂਲਾਂ ਦੇ ਕੰਮ 8:12)। ਰਾਜ/ਕਲੀਸੀਆ ਵਿਚ ਸਾਡੀ ਸੰਗਤੀ ਮਸੀਹ ਨਾਲ ਹੁੰਦੀ ਹੈ (ਮੱਤੀ 26:29)। ਰਾਜ ਕਲੀਸੀਆ ਵਿਚ, ਸਾਨੂੰ ਧਾਰਮਿਕ ਸ਼ਾਂਤੀ ਅਤੇ ਅਨੰਦ ਮਿਲਦਾ ਹੈ (ਰੋਮੀਆਂ 14:17)। ਸਾਨੂੰ ਆਸ ਹੈ ਕਿ ਸਾਡਾ ਵੀ ਇਹੀ ਵਿਸ਼ਵਾਸ ਹੈ ਕਿ ਯਿਸੂ ਦੇ ਰਾਜ ਦੇ ਅਯੋਗ ਹੋਣ ਦਾ ਮਤਲਬ ਸਭ ਤੋਂ ਤਬਾਹਕੁੰਨ ਹੈ।

ਪ੍ਰਭੂ ਦੇ ਪਿੱਛੇ ਲੱਗਣ ਲਈ, ਸਾਡੇ ਮਨ ਉਸ ਤੇ ਲੱਗੇ ਰਹਿਣੇ ਜ਼ਰੂਰੀ ਹਨ। ''ਉਸ ਦੌੜ ਵਿਚ ਜੋ ਸਾਡੇ ਸਾਮਹਣੇ ਪਈ ਹੋਈ ਹੈ ਸਬਰ ਨਾਲ ਦੌੜੀਏ। ਅਤੇ *ਯਿਸੂ ਦੀ ਵੱਲ ਤੱਕਦੇ ਰਹੀਏ*'' (ਇਬਰਾਨੀਆਂ 12:1, 2)। ਪੌਲੁਸ ਨੇ ਲਿਖਿਆ ਹੈ, ''ਪਰ ਐੱਨਾ ਹੈ ਜੋ ਪਿੱਛਲੀਆਂ ਗੱਲਾਂ ਨੂੰ ਭੁੱਲ ਕੇ ਅਤੇ ਉਨ੍ਹਾਂ ਗੱਲਾਂ ਲਈ ਜਿਹੜੀਆਂ ਅੱਗੇ ਹਨ ਅਗਾਹਾਂ ਵੱਧ ਕੇ ਨਿਸ਼ਾਨੇ ਵੱਲ ਦੱਬੀ ਜਾਂਦਾ ਹਾਂ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਖ਼ੁਦਾ ਦੀ ਵੱਲੋਂ ਮਸੀਹ ਯਿਸੂ ਵਿਚ ਹੈ'' (ਫ਼ਿਲਿੱਪੀਆਂ 3:13, 14)।[33] ਪ੍ਰਭੂ ਦੋਗਲੇ ਮਨਾਂ ਨੂੰ ਕਬੂਲ ਨਹੀਂ ਕਰੇਗਾ (ਹੋਸ਼ੇਆ 10:2; ਪ੍ਰਕਾਸ਼ ਦੀ ਪੋਥੀ 3:16)।

## ਸਾਰ

ਹੋਣ ਵਾਲੇ ਤਿੰਨ ਚੇਲਿਆਂ ਨੇ ਯਿਸੂ ਦੀਆਂ ਚੁਣੌਤੀਆਂ ਨੂੰ ਕਿਵੇਂ ਕਬੂਲ ਕੀਤਾ? ਕੀ ਉਹ ਸਭ ਕੁਝ ਛੱਡ ਕੇ ਉਸ ਦੇ ਪਿੱਛੇ ਚੱਲ ਪਏ ਜਾਂ ਉਸ ਅਮੀਰ ਜਵਾਨ ਹਾਕਮ ਵਾਂਗ ਬੁੜਬੁੜਾਓਂਦੇ ਹੋਏ ਚਲੇ ਗਏ (ਮੱਤੀ 19:22)? ਸਾਨੂੰ ਨਹੀਂ ਦੱਸਿਆ ਗਿਆ। ਜੇ ਤੁਹਾਨੂੰ ਆਖਿਆ ਜਾਵੇ ਕਿ:

... ਮਸੀਹ ਦੇ ਪਿੱਛੇ ਚੱਲਣ ਨਾਲ ਸਿਰਫ਼ ਮੁਸ਼ਕਿਲਾਂ ਹੀ ਆਉਣਗੀਆਂ?

... ਤੇਰੇ ਪਿਤਾ ਨੂੰ ਕੋਈ ਹੋਰ ਦਫ਼ਨਾ ਦੇਵੇਗਾ?

... ਤੂੰ ਆਪਣੇ ਪਰਿਵਾਰ ਨੂੰ ਅਲਵਿਦਾ ਵੀ ਨਹੀਂ ਆਖ ਸਕਦਾ?

... ਜੇ ਤੂੰ ਪਿੱਛੇ ਮੁੜ ਜਾਵੇਂਗਾ, ਤਾਂ ਪ੍ਰਭੂ ਦੇ ਰਾਜ ਦੇ ਯੋਗ ਨਹੀਂ ਠਹਿਰੇਂਗਾ? ਤਾਂ ਤੁਹਾਡੀ ਪ੍ਰਤੀਕਿਰਿਆ ਕੀ ਹੋਵੇਗੀ?

ਇਸ ਤੋਂ ਵੀ ਮਹੱਤਵਪੂਰਨ, ਉਸ ਦੇ ਸੱਦੇ ਨੂੰ ਕਬੂਲ ਕਰਨ ਲਈ *ਅੱਜ* ਤੁਹਾਡੀ ਪ੍ਰਤੀਕਿਰਿਆ ਕੀ ਹੋਵੇਗੀ? ਉਹ ਅੱਜ ਵੀ ਆਖਦਾ ਹੈ, ''ਮੇਰੇ ਪਿੱਛੇ ਤੁਰ ਆ'' ਪਰ ਉਸ ਦੀ ਸ਼ਰਤ ਘੱਟ ਨਹੀਂ ਹੋਈ ਹੈ: ''ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ ਆਪਣੀ ਸਲੀਬ ਚੁੱਕੇ ਕੇ ਮੇਰੇ ਪਿੱਛੇ ਚੱਲੇ'' (ਲੂਕਾ 9:23)। ਜੇ ਤੁਸੀਂ ਆਪਣੀ ਜ਼ਿੰਦਗੀ, ਆਪਣਾ ਸਭ ਕੁਝ

ਪਭੂ ਨੂੰ ਦੇਣਾ ਚਾਹੁੰਦੇ ਹੋ ਤਾਂ *ਅੱਜ ਹੀ* ਦਿਓ।[34]

## ਨੋਟਸ

ਇਸ ਪੈਗ਼ਾਮ ਦਾ ਇਕ ਹੋਰ ਸਿਰਲੇਖ ''ਕੋਈ ਛਪਾਈ ਨਹੀਂ'' ਹੋ ਸਕਦੀ ਹੈ ਅਤੇ ਸੰਭਵ ਸਿਰਲੇਖ ''ਸ਼ਗਿਰਦੀ ਦੀ ਕੀਮਤ'' ਅਤੇ ''ਸ਼ਗਿਰਦੀ ਦੀਆਂ ਸ਼ਰਤਾਂ'' ਹੋ ਸਕਦੀ ਹੈ।

---

ਟਿੱਪਣੀਆਂ

[1]ਜੇ ਤੁਹਾਡਾ ਅਜਿਹਾ ਕੋਈ ਅਨੁਭਵ ਹੋਵੇ, ਤਾਂ ਤੁਸੀਂ ਇਸ ਨੂੰ ਦੱਸ ਸਕਦੇ ਹੋ। ਹਰ ਹਾਲ ਵਿਚ, ਸ਼ੁਰੂ ਸਥਾਨਕ ਉਦਾਹਰਣ ਵੇਖ ਕੇ ਹੀ ਕਰੋ। [2]ਕਿਉਂਕਿ ਇੰਜੀਲ ਦੇ ਵਿਰਤਾਂਤਾਂ ਦੇ ਲੇਖਕਾਂ ਦੇ ਲਈ ਕਾਲ ਸੂਚੀ ਦਾ ਐੱਨਾ ਮਹੱਤਵ ਨਹੀਂ ਸੀ, ਇਸ ਲਈ ਦੋਵੇਂ ਘਟਨਾਵਾਂ ਇਕ ਹੀ ਹੋ ਸਕਦੀਆਂ ਹਨ। ਪਰ ਦੋਵੇਂ ਵਿਰਤਾਂਤਾਂ ਦਾ ਦ੍ਰਿਸ਼ ਇੱਕੋ ਜਿਹਾ ਨਹੀਂ ਹੈ, ਇਸ ਲਈ ਉਹ ਵੱਖ ਵੱਖ ਸਮਿਆਂ ਤੇ ਹੋਈਆਂ ਹੋ ਸਕਦੀਆਂ ਹਨ। ਇਹ ਕਲਪਨਾ ਕਰਨਾ ਮੁਸ਼ਕਿਲ ਨਹੀਂ ਹੈ ਕਿ ਇਕ ਤੋਂ ਵੱਧ ਮੌਕਿਆਂ ਤੇ, ਯਿਸੂ ਕੋਲ ਹੋਣ ਵਾਲੇ ਚੇਲੇ ਆਏ, ਜਿਨ੍ਹਾਂ ਨੇ ਇਹ ਗੱਲ ਕੀਤੀ ਸੀ ਅਤੇ ਹਰ ਵਾਰ ਉਸ ਨੇ ਇੱਕੋ ਤਰ੍ਹਾਂ ਦਾ ਜਵਾਬ ਦਿੱਤਾ ਸੀ। [3]ਆਇਤ ਦੀ ਤੁਲਨਾ ਯੂਹੰਨਾ 13:37 ਅਤੇ ਲੂਕਾ 22:33 ਵਿਚ ਪਤਰਸ ਦੇ ਜ਼ਰੂਰੀ ਮਨੁੱਖੀ ਵਾਕਾਂ ਨਾਲ ਕਰੋ। [4]ਜਿੱਥੇ ਯਿਸੂ ਘੁੰਮਦਾ ਅਤੇ ਲੋਕਾਂ ਨੂੰ ਸਿੱਖਿਆ ਦਿੰਦਾ ਸੀ ਉਹ ਉੱਥੇ ਪੰਛੀਆਂ ਵਾਂਗ, ਲੂੰਬੜੀਆਂ ਬਹੁਤ ਹੁੰਦੀਆਂ ਸਨ (ਨਿਆਈਆਂ ਦੀ ਪੋਥੀ 15:4; ਨਹਮਯਾਹ 4:3; ਜ਼ਬੂਰ 63:10; ਸਰੇਸ਼ਠਗੀਤ 2:15; ਯਿਰਮਿਯਾਹ ਦਾ ਵਿਰਲਾਪ 5:18; ਹਿਜ਼ਕੀਏਲ 13:4; ਮੱਤੀ 6:26; 13:4, 32; ਲੂਕਾ 13:32)। ਬਸੇਰੇ ਵੀ ਆ ਜਾਂਦੇ ਹਨ। [6]ਪ੍ਰਸੰਗ ਵਿਚ, ''ਮਨੁੱਖ ਦਾ ਪੁੱਤਰ'' ਯਿਸੂ ਨੂੰ ਹੀ ਆਖਿਆ ਗਿਆ ਹੈ। [7]''ਸਿਰ ਧਰਨ ਨੂੰ ਥਾਂ ਨਹੀਂ'' ਇਹ ਆਖਣ ਦਾ ਕਿ ''ਘਰ ਨਹੀਂ'' ਮਸ਼ਹੂਰ ਤਰੀਕਾ ਸੀ। ਅੰਗ੍ਰੇਜ਼ੀ ਦੇ ਇਕ ਅਨੁਵਾਦ ਦਾ ਕੌਟਨ ਪੈਚ ਵਿਚ ਅਮਰੀਕੀ ਸ਼ਬਦਾਵਲੀ ''ਹੈਟ ਲਾਉਣ ਲਈ ਕੋਈ ਥਾਂ ਨਹੀਂ'' ਦੀ ਵਰਤੋਂ ਹੋਈ ਹੈ, ਜਿਸ ਦਾ ਮਤਲਬ ਵੀ ਇਹੀ ਹੈ। [8]ਸਮੇਂ ਸਮੇਂ ਤੇ ਯਿਸੂ ਦੇ ਕੋਲ ਅਜਿਹੇ ਘਰ ਸਨ ਜਿਨ੍ਹਾਂ ਵਿਚ ਉਹ ਰਾਤ ਨੂੰ ਸੌਂ ਸਕਦਾ ਸੀ ਜਿਵੇਂ ਕਫ਼ਰਨਹੂਮ ਵਿਚ ਪਤਰਸ ਦਾ ਘਰ ਅਤੇ ਬੈਤਅਨੀਆ ਵਿਚ ਮਰੀਅਮ ਅਤੇ ਮਾਰਥਾ ਦਾ ਘਰ ਪਰ ਆਪਣਾ ਪੱਕੇ ਰਹਿਣ ਦੀ ਥਾਂ ਕਿਤੇ ਨਹੀਂ ਬਣਾਈ ਸੀ। ਜ਼ਿਆਦਾ ਸਮੇਂ ਉਹ ਅਤੇ ਉਸ ਦੇ ਚੇਲੇ ਇੱਥੇ ਉੱਥੇ ਘੁੰਮਦੇ ਰਹਿੰਦੇ ਸਨ। [9]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮੈਥਿਊ,* ਸੋਧਿਆ ਅੰਕ, ਜਿਲਦ 1 (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1975), 311 ਵਿਚ ਲਿਖਿਆ ਹੈ। [10]ਟੀ. ਵੀ. ਪ੍ਰਚਾਰਕਾਂ ਦੇ ''ਸਿਹਤ ਅਤੇ ਦੌਲਤ'' ਤੇ ਕਿੰਨਾ ਫ਼ਰਕ ਹੈ ਜੋ ਆਪਣੇ ਆਲੀਸ਼ਾਨ ਭਵਨਾਂ, ਜ਼ਾਇਦਾਦ ਅਤੇ ਹੋਰ ਵਸਤੂਆਂ ਨੂੰ ਖ਼ੁਦਾ ਵੱਲੋਂ ਉਨ੍ਹਾਂ ਦੀ ਸੇਵਕਾਈ ਨੂੰ ਕਬੂਲ ਕੀਤੇ ਜਾਣ ਦਾ ਸਬੂਤ ਮੰਨਦੇ ਹਨ! ਹੋਣ ਵਾਲੇ ਪ੍ਰਚਾਰਕਾਂ ਅਤੇ ਮਿਸ਼ਨਰੀਆਂ ਲਈ ਇਸ ਵਿਚ ਸੰਦੇਸ਼ ਹੈ: ਕੰਮ ਨੂੰ ਕੈਰੀਅਰ ਦੇ ਰੂਪ ਵਿਚ ਨਾ ਵੇਖੋ, ਜਿਸ ਨਾਲ ਤੁਹਾਨੂੰ ਪੈਸਾ ਅਤੇ ਜਾਇਦਾਦ ਦਾ ਫਲ ਮਿਲੇਗਾ। ਬਲਕਿ ਆਪਣੇ ਆਪ ਨੂੰ *ਸੇਵਕਾਈ* ਲਈ ਸਮਰਪਿਤ ਕਰ ਦਿਓ ਅਤੇ ਜ਼ਿੰਦਗੀ ਦੀਆਂ ਲੋੜਾਂ ਨੂੰ (ਵਿਲਾਸਤਾਵਾਂ ਨੂੰ ਨਹੀਂ) ਪੂਰਾ ਕਰਨ ਲਈ ਪ੍ਰਭੂ ਤੇ ਭਰੋਸਾ ਰੱਖੋ (ਮੱਤੀ 6:33)।

[11]ਉਸ ਨੇ ਸੁਰਗ ਨੂੰ ਆਪਣੀ ਇੱਛਾ ਨਾਲ ਛੱਡਿਆ ਸੀ, ਅਤੇ ਨਾਸਰਤ ਵਾਲਾ ਆਪਣਾ ਘਰ ਵੀ ਆਪਣੀ ਇੱਛਾ ਨਾਲ ਛੱਡਿਆ ਸੀ। [12]ਇਕ ਹੋਰ ਮੌਕੇ ਲਈ ਜਦ ਯਿਸੂ ਨੇ ਹੋਣ ਵਾਲੇ ਚੇਲਿਆਂ ਨੂੰ ''ਖਰਚ ਦਾ ਹਿਸਾਬ ਲਾਉਣ'' ਲਈ ਕਿਹਾ, ਵੇਖੋ ਲੂਕਾ 14:27–30. [13]ਵੱਖੋ–ਵੱਖ ਇਕਰੂਪਤਾਵਾਂ ਵਰਤੀਆਂ ਜਾ ਸਕਦੀਆਂ ਹਨ: ਯਿਸੂ ਨੇ ਪਹਿਲੇ ਨੂੰ ''ਰੁਕ ਜਾਣ'' ਅਤੇ ਦੂਜੇ ਨੂੰ ''ਚਲੇ'' ਜਾਣ ਨੂੰ ਆਖਿਆ; ਯਿਸੂ ਨੇ ਪਹਿਲੇ ਨੂੰ ਬ੍ਰੇਕ ਲਾਉਣ ਅਤੇ ਦੂਜੇ ਨੂੰ ਰੇਸ ਦਬਾਉਣ ਨੂੰ ਆਖਿਆ। ਆਪਣੇ ਸਥਾਨਕ ਲੋਕਾਂ ਨੂੰ ਸਮਝ ਆ ਸਕਣ ਵਾਲੀ ਇਕਰੂਪਤਾ ਦੀ ਵਰਤੋਂ ਕਰੋ। ਜਿੱਥੇ ਪਹਿਲਾਂ ਵੱਡੇਰੀ। [14]ਇਸ ਤੋਂ ਥੋੜ੍ਹੀ ਦੇਰ ਬਾਅਦ, ਯਿਸੂ ਨੇ ਯਹੂਦੀਆਂ ਦੇ

ਦੌਰੇ ਤੇ ਸੱਤਰ ਜਣਿਆਂ ਨੂੰ ਭੇਜਿਆ (ਲੂਕਾ 10:1)। ਸ਼ਾਇਦ ਮਸੀਹ ਇਸ ਕੰਮ ਲਈ ਲੋਕਾਂ ਦੀ ਭਰਤੀ ਕਰ ਰਿਹਾ ਸੀ (ਵੇਖੋ ਲੂਕਾ 10:2; ਲੂਕਾ 9:60ਅ ਲੂਕਾ 10:11)। ਲੋਕਾਂ ਨੂੰ ''ਮੇਰੇ ਪਿੱਛੇ ਆ ਜਾਓ'' ਆਖ ਕੇ, ਮਸੀਹ ਹਮੇਸ਼ਾ ਉਨ੍ਹਾਂ ਨੂੰ ਪੂਰੇ ਸਮੇਂ ਦੀ ਸੇਵਾ ਲਈ ਬੁਲਾਉਂਦਾ ਸੀ। [15]ਰੱਬੀਆਂ ਮੁਤਾਬਿਕ ਮਾਤਾ ਪਿਤਾ ਨੂੰ ਦਫ਼ਨਾਉਣਾ ਧਾਰਮਿਕ ਸੇਵਾ ਜਾਂ ਸ਼ਰ੍ਹਾ ਦਾ ਅਧਿਐਨ ਕਰਨ ਨਾਲੋਂ ਵੱਧ ਸੀ। ਇਕ ਪੁੱਤਰ ਦਾ ਆਪਣੇ ਪਿਤਾ ਨੂੰ ਦਫ਼ਨਾਉਣ ਲਈ ਧਾਰਮਿਕ, ਸਮਾਜਿਕ ਅਤੇ ਪਰਿਵਾਰਿਕ ਫ਼ਰਜ਼ ਸੀ। ਅਜ਼ੀਜ਼ਾਂ ਨੂੰ ਦਫ਼ਨਾਉਣ ਦੀ ਅਹਿਮੀਅਤ ਤੇ ਪੁਰਾਣੇ ਨੇਮ ਦੇ ਨਮੂਨੇ ਲਈ, ਵੇਖੋ ਉਤਪਤ 23:9; 25:9; 35:29; 49:28—50:3; 50:5, 13, 14, 26; ਯਹੋਸ਼ੁਆ 24:29, 30. [16]ਵੇਖੋ ਅਫ਼ਸੀਆਂ 2:1; 1 ਤਿਮੋਥਿਉਸ 5:6; 1 ਯੂਹੰਨਾ 3:14. [17]ਵੇਖੋ ਮੱਤੀ 9:18, 23; ਯੂਹੰਨਾ 11:1, 14, 17; ਰਸੂਲਾਂ ਦੇ ਕੰਮ 5:5, 6, 10. [18]ਮੱਤੀ ਦੇ ਵਿਰਤਾਤਾਂ ਵਿਚ ਵੀ ਯਿਸੂ ਨੂੰ ਗਲੀਲ ਦੀ ਝੀਲ ਦੇ ਪੂਰਬ ਦੀ ਵੱਲ ਜਾਂਦੇ ਹੋਏ ਵਿਖਾਇਆ ਗਿਆ ਹੈ (ਮੱਤੀ 8:18, 23, 28)। [19]ਜਿੱਥੇ ਮੈਂ ਰਹਿੰਦਾ ਹਾ ਉੱਥੇ ਮਸ਼ਹੂਰ ਵਾਕ ਰਚਨਾ ਇਹ ਹੋਵੇਗੀ ''ਉਸ ਆਦਮੀ ਲਈ ਇਹ ਸੁਨਹਿਰੀ ਮੌਕਾ ਸੀ।'' [20]ਕੁਝ ਲੋਕਾਂ ਦਾ ਵਿਚਾਰ ਹੈ ਕਿ ਉਸ ਜਵਾਨ ਦੇ ਸ਼ਬਦਾਂ ਦਾ ਮਤਲਬ ਇਹ ਵੀ ਹੋ ਸਕਦਾ ਹੈ: ''ਜਾਇਦਾਦ ਦਾ ਹਿਸਾਬ ਹੋ ਜਾਣ ਤੇ ਮੈਨੂੰ ਮੇਰਾ ਹਿੱਸਾ ਮਿਲ ਜਾਵੇ, *ਫਿਰ* ਮੈਂ ਤੇਰੇ ਪਿੱਛੇ ਚੱਲਾਂਗਾ। ਆਖ਼ਰ, ਚੇਲਾ ਹੋਣ ਦਾ ਕੰਮ ਨਾਕਾਮ ਹੋਣ ਤੇ ਮੈਨੂੰ ਆਰਥਿਕ ਸੁਰੱਖਿਆ ਵੀ ਤਾਂ ਚਾਹੀਦੀ ਹੈ।''

[21]ਇਕ ਮਿਸ਼ਨਰੀ ਨੇ ਤੁਰਕੀ ਦੇ ਇਕ ਜਵਾਨ ਨੂੰ ਨਸੀਹਤ ਦੇਣ ਦੀ ਗੱਲ ਦੱਸੀ। ਆਦਮੀ ਨੇ ਜਵਾਬ ਦਿੱਤਾ, ''ਸਭ ਤੋਂ ਪਹਿਲਾਂ ਮੈਂ ਆਪਣੇ ਪਿਤਾ ਨੂੰ ਦਫ਼ਨਾ ਆਵਾਂ।'' ਉਸ ਮਿਸ਼ਨਰੀ ਦੇ ਉਸ ਨਾਲ ਦਲੇਰੀ ਵਿਖਾਉਣ ਤੇ, ਜਵਾਨ ਨੇ ਆਖਿਆ ਕਿ ਉਸ ਦਾ ਪਿਤਾ ਨਹੀਂ ਹੈ, ਬਲਕਿ ਉਸ ਦੇ ਆਖਣ ਦਾ ਮਤਲਬ ਸੀ ਕਿ ਮਿਸ਼ਨਰੀ ਦੀ ਸਲਾਹ ਮੰਨਣੋਂ ਪਹਿਲਾਂ ਉਹ ਆਪਣੀ ਸਾਰੀ ਪਰਿਵਾਰਿਕ ਜ਼ਿੰਮੇਵਾਰੀ ਪੂਰੀ ਕਰ ਲਵੇ। ਇਕ ਅੰਗ੍ਰੇਜ਼ ਅਧਿਕਾਰੀ ਨੇ ਇਕ ਨੌਜਵਾਨ ਅਰਬੀ ਨੂੰ ਪੇਸ਼ ਕੀਤੇ ਵਜ਼ੀਫ਼ੇ ਬਾਰੇ ਦੱਸਿਆ। ਉਸ ਨੇ ਆਖਿਆ, ''ਮੈਂ ਇਹ ਆਪਣੇ ਪਿਤਾ ਨੂੰ ਦਫ਼ਨਾਉਣ ਦੇ ਬਾਅਦ ਲਵਾਂਗਾ।'' ਉਸ ਸਮੇਂ ਉਸ ਨੌਜਵਾਨ ਦੇ ਪਿਤਾ ਦੀ ਉਮਰ ਚਾਲੀ ਸਾਲ ਦੇ ਕਰੀਬ ਸੀ ਅਤੇ ਸਿਹਤ ਚੰਗੀ ਸੀ। ਇਸ ਬੁਲਾਰੇ ਨੇ ਆਖਿਆ ਕਿ ਅੱਜ ਵੀ ਖਾੜੀ ਦੇਸ਼ਾਂ ਵਿਚ, ਜਦ ਕੋਈ ਕਿਸੇ ਦੂਜੇ ਦੇਸ਼ ਵਿਚ ਜਾਣ ਦੀ ਇੱਛਾ ਕਰਦਾ ਹੈ, ਤਾਂ ਉਸ ਤੋਂ ਪੁੱਛਿਆ ਜਾਦਾ ਹੈ, ''ਕੀ ਤੂੰ ਪਹਿਲਾਂ ਆਪਣੇ ਪਿਤਾ ਨੂੰ ਦਫ਼ਨਾਵੇਂਗਾ ਨਹੀਂ? ਇਸ ਦਾ ਮਤਲਬ ਹੈ ''ਕੀ ਤੁਸੀਂ ਪਰਿਵਾਰਿਕ ਫ਼ਰਜ਼ਾਂ ਨੂੰ ਪੂਰਾ ਕਰਨ ਤਕ ਰੁਕੋਗੇ ਨਹੀਂ?'' [22]ਯਾਦ ਰੱਖੋ ਕਿ ਲਗਦੀ ਵਾਹ ਦਫ਼ਨਾਇਆ ਜਾਣਾ ਮੌਤ ਦੇ ਦਿਨ ਹੀ ਹੋ ਜਾਂਦਾ ਸੀ। [23]ਇਸ ਭਾਗ ਨੂੰ ਬਹੁਤ ਸੰਖੇਪ ਦਿੱਤਾ ਜਾ ਸਕਦਾ ਹੈ। ਮੈਂ ਅਸਟ੍ਰੇਲੀਆ ਵਿਚ ਕੁਝ ਮਿਸ਼ਨਰੀਆਂ ਨਾਲ ਕੰਮ ਕਰ ਰਿਹਾ ਸੀ ਤਾਂ ਅਕਸਰ ਸਾਨੂੰ ਦੱਸਿਆ ਜਾਂਦਾ ਸੀ, ''ਅਸੀਂ ਤੁਹਾਡੀ ਮਦਦ ਲਈ ਅਸਟ੍ਰੇਲੀਆ ਵਿਚ ਆ ਜਾਵਾਂਗੇ, ਪਰ *ਪਹਿਲਾਂ* ਅਸੀਂ ... ਕਰ ਲਈਏ!'' ਇਹ ਸੁਣ ਕੇ ਸਾਨੂੰ ਪਤਾ ਹੁੰਦਾ ਸੀ ਕਿ ਬੋਲਣ ਵਾਲੇ ਕਦੇ ਨਹੀਂ ਆਉਣਗੇ। ਇਸ ਨੂੰ ਆਪਣੇ ਇਲਾਕੇ ਵਿਚ ਉਨ੍ਹਾਂ *ਭੈਣਾਂ* ਤੇ ਲਾਗੂ ਕਰੋ, ਜੋ *ਤੁਸੀਂ* ਸੁਣਦੇ ਰਹਿੰਦੇ ਹੋ। [24]ਇਸ ਪਾਠ ਵਿਚ ਟਿੱਪਣੀ 14 ਵੇਖੋ। [25]ਅਜਿਹੀ ਬੇਨਤੀ ਅਲੀਸ਼ਾ ਨੇ ਕੀਤੀ ਸੀ ਜਦ ਏਲੀਯਾਹ ਨੇ ਉਸ ਨੂੰ ਬੁਲਾਇਆ ਸੀ, ਅਤੇ ਉਸ ਨੇ ਉਸ ਦੀ ਬੇਨਤੀ ਮੰਨ ਲਈ ਸੀ (1 ਰਾਜਿਆਂ 19:19–21)। [26]ਟਿੱਪਣੀ 23 ਵੇਖੋ। ਬਹੁਤ ਸਿੱਧਾ ਜਿਹਾ ਕਾਰਣ ਕਿ ਹੋਣ ਵਾਲੇ ਮਿਸ਼ਨਰੀ ਅਸਟ੍ਰੇਲੀਆ ਵਿਚ ਇਸ ਲਈ ਨਹੀਂ ਆਏ ਸਨ ਕਿਉਂਕਿ ਉਨ੍ਹਾਂ ਦੇ ਮਾਤਾ ਪਿਤਾ ਨੇ ਇਸ ਬਾਰੇ ਗੱਲ ਕੀਤੀ ਸੀ: ''ਮੇਰੇ ਦੋਹਤੇ ਦੋਹਤੀਆਂ ਨੂੰ ਉੱਥੇ ਨਾ ਲੈ ਜਾਣਾ ਜਿੱਥੇ ਮੈਂ ਕਦੇ ਉਨ੍ਹਾਂ ਦਾ ਮੂੰਹ ਵੇਖ ਸਕਦਾ!'' [27]ਵੇਖੋ ਸਟੀਫ਼ਨ ਐੱਫ਼ ਓਲਫ਼ਰਡ *ਕਮਿੱਟ ਟੂ ਕ੍ਰਾਈਸਟ ਐਂਡ ਹਿਜ਼ ਚਰਚ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1991) 37–38. [28]ਧਿਆਨ ਦਿਓ ਕਿ ਲੂਕਾ 9:62 ਵਿਚ ਵਰਤਿਆ ਗਿਆ ਇਕ ਵਚਨ ''ਹੱਥ'' ਹੈ। [29]ਲੂਤ ਦੀ ਪਤਨੀ ਲਈ ਪਿੱਛੇ ਵੇਖਣਾ ਤਬਾਹਕੁੰਨ ਸੀ (ਉਤਪਤ 19:26)। [30]ਪ੍ਰਸੰਗਿਕਤਾ ਦੇ ਇਸ ਭਾਗ ਵਿਚ, ਮੈਂ ਯਿਸੂ ਦੇ ਸੰਦੇਸ਼ ਨੂੰ ਉਮੀਦਵਾਰਾਂ ਦੇ ਹਰੇਕ ਵਰਗ ਲਈ ਸੰਖੇਪ ਕਰਾਂਗਾ। ਇਹ ਸ਼ਬਦ ਇਵੇਂ ਹੀ ਨਹੀਂ ਹਨ। ਤੁਸੀਂ ਮਾਮਲੇ ਵਿਚ ''ਜਾਂ ਇਵੇਂ ਆਖੋ'' ਸ਼ਬਦ ਲਾ ਸਕਦੇ ਹੋ।''

[31]ਮਾਈਕਲ ਵਿਲਕੋਕ, *ਦ ਮੈਸੇਜ ਆਫ਼ ਲੂਕ: ਦ ਸੇਵੀਅਰ ਆਫ਼ ਦੀ ਵਰਲਡ,* ਦ ਬਾਈਬਲ ਸਪੀਕਸ ਟੁਡੇ ਸੀਰੀਜ਼ (ਡਾਊਨਰਜ਼ ਗ੍ਰੋਵ, ਇਲਿਨੋਇਸ: ਇੰਟਰ–ਵਰਸਿਟੀ ਪ੍ਰੈੱਸ, 1979), 119. [32]ਕਲੀਸੀਆ/ਰਾਜ ਦੀ ਸਥਾਪਨਾ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਪਹਿਲੇ ਪਿੰਤੇਕੁਸਤ ਦੇ ਦਿਨ ਹੋਈ ਸੀ (ਰਸੂਲਾਂ ਦੇ ਕੰਮ 2)। [33]''ਪਿੱਛੇ ਵੇਖਣ'' ਤੋਂ ਮਨ੍ਹਾਂ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਆਪਣੇ ਅਤੀਤ ਦੀਆਂ ਯਾਦਾਂ ਨੂੰ ਪੂਰੀ ਤਰ੍ਹਾਂ ਨਾਲ ਮਿਟਾ (ਸਕਦੇ ਹਾਂ) ਦਈਏ। ਪੌਲੁਸ ਨੂੰ ਆਪਣਾ ਅਤੀਤ ਯਾਦ ਸੀ (ਫ਼ਿਲਿੱਪੀਆਂ 3:5, 6), ਪਰ ਉਹ ਉਸ ਤੇ ਨਿਰਭਰ ਨਹੀਂ ਸੀ। ਉਸਦਾ ਧਿਆਨ ਤਾਂ ਹੁਣ ਮਸੀਹ ਅਤੇ ਭਵਿੱਖ ਤੇ ਸੀ। ਇਸ ਸਬੰਧ ਵਿਚ, ਇਹ ਧਿਆਨ ਦਿੱਤਾ ਜਾ ਸਕਦਾ ਹੈ ਕਿ ਮੂਲ ਭਾਸ਼ਾ ਵਿਚ ਲੂਕਾ 9:62 ਵਿਚ ''ਪਿੱਛੇ ਵੇਖਣਾ'' ਸਰਸਰੀ ਤੌਰ ਤੇ ਵੇਖਣਾ ਨਹੀਂ ਬਲਕਿ ਲਗਾਤਾਰ ਕੰਮ ਕਰਨਾ ਹੈ। [34]ਤੁਹਾਨੂੰ ਚਾਹੀਦਾ ਹੈ ਕਿ ਸੁਣਨ ਵਾਲੇ ਨੂੰ ਦੱਸੋ ਕਿ ਯਿਸੂ ਦਾ ਚੇਲਾ ਕਿਵੇਂ ਬਣਨਾ ਹੈ (ਯੂਹੰਨਾ 3:16; ਲੂਕਾ 13:3; ਮੱਤੀ 10:32, 33;ਮਰਕੁਸ 16:15, 16) ਅਤੇ ਜੇ ਆਪਣੇ ਵਾਅਦੇ ਦੇ ਪ੍ਰਤੀ ਵਿਸ਼ਵਾਸ ਤੋਂ ਫਿਰ ਜਾਈਏ ਤਾਂ ਕਿਵੇਂ ਵਾਪਸ ਆਉਣਾ ਹੈ (ਰਸੂਲਾਂ ਦੇ ਕੰਮ 8:22; 1 ਯੂਹੰਨਾ 1:9)।